Fair Advice Financial | Care Wealth Management Inc.
**RDSP** (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 107 | Wednesday, June 01, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## 125,000 ਓਨਟਾਰੀਓ ਵਾਸੀਆਂ ਨੇ ਬੈਲਟ ਬਾਕਸ ਵਿੱਚ ਵੋਟ ਪੁਆਉਣ ਦੀ ਕੀਤੀ ਬੇਨਤੀ




ਓਨਟਾਰੀਓ, 31 ਮਈ (ਪੋਸਟ ਬਿਊਰੋ) : ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਕਿ ਇਸ ਵਾਰੀ ਉਨ੍ਹਾਂ ਵੱਲੋਂ ਵੋਟਰਾਂ ਦੀ ਸਹੂਲਤ ਲਈ ਵਧੇਰੇ ਬੈਲਟ ਬਾਕਸ ਵੋਟਾਂ ਲਈ ਭੇਜੇ ਗਏ ਹਨ। ਪਿਛਲੇ ਹਫਤੇ ਦੀ ਡੈੱਡਲਾਈਨ ਤੋਂ ਪਹਿਲਾਂ 126,135 ਯੋਗ ਰੈਜ਼ੀਡੈਂਟਸ ਵੱਲੋਂ ਕੀਤੀ ਗਈ ਬੇਨਤੀ ਉੱਤੇ ਇਨ੍ਹਾਂ ਸਾਰਿਆਂ ਨੂੰ ਵੋਟਿੰਗ ਕਿੱਟਸ ਭੇਜੀਆਂ ਗਈਆਂ ਸਨ। 2018 ਦੇ ਮੁਕਾਬਲੇ ਇਸ ਵਾਰੀ ਵੋਟਾਂ ਇਸ ਤਰ੍ਹਾਂ ਪੁਆਏ ਜਾਣ ਲਈ ਬਹੁਤੀਆਂ ਦਰਖੁਆਸਤਾਂ ਮਿਲੀਆਂ ਸਨ।2018 ਵਿੱਚ 15,202 ਵੋਟਾਂ ਇਸ ਤਰ੍ਹਾਂ ਪਾਈਆਂ ਗਈਆਂ ਸਨ।ਇਹ ਵੋਟਿੰਗ ਕਿੱਟਸ ਹਰ ਹਾਲ ਵਿੱਚ ਵੀਰਵਾਰ ਨੂੰ ਸ਼ਾਮੀਂ 6:00 ਵਜੇ ਤੱਕ ਹਾਸਲ ਹੋ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਨੂੰ ਡਾਕ ਰਾਹੀਂ ਜਾਂ ਰਿਟਰਨਿੰਗ ਆਫਿਸ ਵਿੱਚ ਪਹੁੰਚਾਇਆ ਜਾਣਾ ਜ਼ਰੂਰੀ ਹੈ।

ਬਾਕੀ ਲੋਕ ਜਾਂ ਤਾਂ ਬੁੱਧਵਾਰ ਨੂੰ ਰਿਟਰਨਿੰਗ ਆਫਿਸ ਜਾਂ ਕੇ ਵੋਟ ਪਾ ਸਕਦੇ ਹਨ ਤੇ ਜਾਂ ਫਿਰ ਵੀਰਵਾਰ ਨੂੰ ਵੋਟਿੰਗ ਸਟੇਸ਼ਨ ਜਾ ਕੇ ਵੋਟ ਪਾ ਸਕਦੇ ਹਨ। ਇੱਕ ਮਿਲੀਅਨ ਤੋਂ ਵੀ ਵੱਧ ਓਨਟਾਰੀਓ ਵਾਸੀਆਂ ਵੱਲੋਂ ਐਡਵਾਂਸ ਵੋਟਿੰਗ ਪੀਰੀਅਡ ਦੌਰਾਨ ਵੋਟ ਪਾਈ ਜਾ ਚੁੱਕੀ ਹੈ ਤੇ ਇਸ ਵਿੱਚ 2018 ਦੀਆਂ ਚੋਣਾਂ ਦੇ ਮੁਕਾਬਲੇ ਕਾਫੀ ਵਾਧਾ ਦਰਜ ਕੀਤਾ ਗਿਆ ਹੈ। ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਕਿ ਯੋਗ ਵੋਟਰਜ਼, 1066545 ਵਿੱਚੋਂ 10 ਫੀ ਸਦੀ ਵੋਟਰਜ਼ ਨੇ ਐਡਵਾਂਸ ਪੋਲਜ਼ ਦੌਰਾਨ ਪਹਿਲੇ 10 ਦਿਨਾਂ ਵਿੱਚ ਆਪਣੀ ਵੋਟ ਪਾਈ।

# ਫੈਡਰਲ ਸਰਕਾਰ ਨੇ ਟਰੈਵਲਰਜ਼ ਲਈ ਸਰਹੱਦੀ ਮਾਪਦੰਡਾਂ ਵਿਚ ਕੀਤਾ ਵਾਧਾ

ਓਟਵਾ, 31 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡਾ ਦਾਖਲ ਹੋਣ ਵਾਲੇ ਟਰੈਵਲਰਜ਼ ਲਈ ਮੌਜੂਦਾ ਸਰਹੱਦੀ ਮਾਪਦੰਡਾਂ ਵਿੱਚ ਇੱਕ ਮਹੀਨੇ ਦਾ ਹਰ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ।



ਕੈਨੇਡੀਅਨ ਏਅਰਪੋਰਟਸ, ਜ਼ਮੀਨੀ ਬਾਰਡਰਜ਼ ਉੱਤੇ ਅਜੇ ਵੀ ਕਈ ਤਰ੍ਹਾਂ ਦੀਆਂ ਮਹਾਂਮਾਰੀ ਸਬੰਧੀ ਪਾਬੰਦੀਆਂ ਜਾਰੀ ਹਨ।ਇਨ੍ਹਾਂ ਵਿੱਚ ਲਾਜ਼ਮੀ ਵੈਕਸੀਨੇਸ਼ਨ, ਕਿਸੇ ਦਾ ਵੀ ਅਚਨਚੇਤੀ ਕੋਵਿਡ-19 ਟੈਸਟ ਤੇ ਇੰਟਰਨੈਸ਼ਨਲ ਟਰੈਵਲਰਜ਼ ਨੂੰ ਐਰਾਈਵਕੈਨ ਐਪ ਉੱਤੇ ਮਹਾਂਮਾਰੀ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਦੇਣਾ ਸ਼ਾਮਲ ਹੈ।

ਇਨ੍ਹਾਂ ਮਾਪਦੰਡਾਂ ਵਿੱਚ ਵਾਧੇ ਦਾ ਭਾਵ ਹੈ ਕਿ ਸਾਰੇ ਟਰੈਵਲਰਜ਼ ਨੂੰ, ਭਾਵੇਂ ਉਨ੍ਹਾਂ ਦਾ ਕੋਵਿਡ-19 ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ, ਕੈਨੇਡੀਅਨ ਬਾਰਡਰ ਉੱਤੇ ਪਹੁੰਚਣ ਤੋਂ ਪਹਿਲਾਂ ਸਾਰੇ ਟਰੈਵਲਰਜ਼ ਨੂੰ ਐਰਾਈਵਕੈਨ ਉੱਤੇ ਆਪਣੀ ਸਾਰੀ ਜਾਣਕਾਰੀ ਭਰਨੀ ਹੋਵੇਗੀ। ਇਨ੍ਹਾਂ ਮਾਪਦੰਡਾਂ ਵਿੱਚ 30 ਜੂਨ ਤੱਕ ਵਾਧਾ ਹੋ ਸਕਦਾ ਹੈ।

ਮੰਗਲਵਾਰ ਸਵੇਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰਾਂਸਪੋਰਟੇਸ਼ਨ ਮੰਤਰੀ ਉਮਰ ਅਲਘਬਰਾ ਨੇ ਆਖਿਆ ਕਿ ਅਸੀਂ ਪਬਲਿਕ ਹੈਲਥ ਦਾ ਧਿਆਨ ਰੱਖਣ ਦੇ ਨਾਲ ਨਾਲ ਸਾਡੇ ਅਰਥਚਾਰੇ ਦੀ ਰਫਤਾਰ ਨੂੰ ਵੀ ਬਰਕਰਾਰ ਰੱਖਣ ਲਈ ਸੰਤੁਲਨ ਬਣਾ ਕੇ ਚੱਲਦੇ ਰਹੇ ਹਾਂ।

## ਰੂਸੀ ਤੇਲ ਦੇ 90 ਫੀ ਸਦੀ ਇੰਪੋਰਟ ਉੱਤੇ ਯੂਰਪੀਅਨ ਯੂਨੀਅਨ ਨੇ ਲਾਈ ਪਾਬੰਦੀ




ਬਰੱਸਲਜ਼, 31 ਮਈ (ਪੋਸਟ ਬਿਊਰੋ) : ਯੂਕਰੇਨ ਖਿਲਾਫ ਵਿੱਢੀ ਗਈ ਜੰਗ ਲਈ ਰੂਸ ਨੂੰ ਸਬਕ ਸਿਖਾਉਣ ਵਾਸਤੇ ਯੂਰਪੀਅਨ ਯੂਨੀਅਨ ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਦੇ ਇੰਪੋਰਟ ਉੱਤੇ ਪਾਬੰਦੀ ਲਾਉਣ ਲਈ ਰਾਜ਼ੀ ਹੋ ਗਈ ਹੈ। ਇਸ ਤੋਂ ਪਹਿਲਾਂ ਹੋਈ ਗੱਲਬਾਤ ਵਿੱਚ ਯੂਰਪੀਅਨ ਯੂਨੀਅਨ ਵਿਚਲੀਆਂ ਤਰੇੜਾਂ ਵੀ ਸਾਹਮਣੇ ਆ ਗਈਆਂ।

24 ਫਰਵਰੀ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਬੋਲਿਆ ਗਿਆ ਸੀ। ਜਿਸ ਤੋਂ ਬਾਅਦ ਪੱਛਮੀ ਮੁਲਕਾਂ ਨੇ ਰੂਸ ਦੇ ਐਨਰਜੀ ਸੈਕਟਰ ਤੋਂ ਖਹਿੜਾ ਛੁਡਾਉਣ ਦਾ ਫੈਸਲਾ ਕੀਤਾ ਤਾਂ ਕਿ ਮਾਸਕੋ ਜੰਗ ਲਈ ਆਪਣੇ ਹੱਥ ਹੋਰ ਮਜ਼ਬੂਤ ਨਾ ਕਰ ਸਕੇ। ਪਰ ਇਸ ਤਰ੍ਹਾਂ ਦਾ ਕੋਈ ਵੀ ਕਦਮ ਯੂਰਪ ਵਿੱਚ ਦੋ ਧਾਰੀ ਤਲਵਾਰ ਉੱਤੇ ਤੁਰਨ ਦੇ ਬਰਾਬਰ ਹੈ। ਯੂਰਪ ਆਪਣੀ ਤੇਲ ਦੀ 25 ਫੀ ਸਦੀ ਤੇ ਕੁਦਰਤੀ ਗੈਸ ਦੀ 40 ਫੀ ਸਦੀ ਲੋੜ ਪੂਰੀ ਕਰਨ ਲਈ ਰੂਸ ਉੱਤੇ ਨਿਰਭਰ ਕਰਦਾ ਹੈ। ਜਿਹੜੇ ਯੂਰਪੀਅਨ ਦੇਸ਼ ਇਸ ਤੋਂ ਵੀ ਵੱਡੀ ਗਿਣਤੀ ਵਿੱਚ ਰੂਸ ਉੱਤੇ ਆਪਣੀਆਂ ਐਨਰਜੀ ਸਬੰਧੀ ਲੋੜਾਂ ਪੂਰੀਆਂ ਕਰਨ ਲਈ ਨਿਰਭਰ ਕਰਦੇ ਹਨ ਉਹ ਉਸ ਖਿਲਾਫ ਕਾਰਵਾਈ ਕਰਨ ਤੋਂ ਕਤਰਾ ਰਹੇ ਸਨ।

ਕੁੱਝ ਮਹੀਨੇ ਪਹਿਲਾਂ ਤਾਂ ਇਸ ਤਰ੍ਹਾਂ ਦਾ ਕਦਮ ਚੁੱਕੇ ਜਾਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਪਰ ਸੋਮਵਾਰ ਨੂੰ ਕਾਫੀ ਬਹਿਸ ਤੋਂ ਬਾਅਦ ਯੂਰਪੀਅਨ ਯੂਨੀਅਨ ਦੇ ਆਗੂਆਂ ਵੱਲੋਂ ਰੂਸ ਦੇ ਤੇਲ ਦੇ ਇੰਪੋਰਟ ਉੱਤੇ ਅਗਲੇ ਛੇ ਮਹੀਨੇ ਵਿੱਚ 90 ਫੀ ਸਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਬੈਲਜੀਅਮ ਦੇ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਡੀ ਕਰੂ ਤੇ ਆਇਰਲੈਂਡ ਦੇ ਪ੍ਰਧਾਨ ਮੰਤਰੀ ਮਾਈਕਲ ਮਾਰਟਿਨ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਆਖਿਆ ਕਿ ਯੂਰਪ ਨੂੰ ਇਸ ਫੈਸਲੇ ਦੇ ਪ੍ਰਭਾਵ ਨਾਲ ਐਡਜਸਟ ਕਰਨ ਲਈ ਕੁੱਝ ਸਮਾਂ ਲੱਗੇਗਾ। ਉਨ੍ਹਾਂ ਇਹ ਵੀ ਆਖਿਆ ਕਿ ਰੂਸ ਦੀ ਐਨਰਜੀ ਦੇ ਸਬੰਧ ਵਿੱਚ ਹੋਰ ਪਾਬੰਦੀਆਂ ਆਉਣ ਵਾਲੇ ਸਮੇਂ ਵਿੱਚ ਹੌਲੀ ਹੌਲੀ ਲਾਈਆਂ ਜਾਣਗੀਆਂ।

## ਬਰੈਂਪਟਨ ਦੇ ਪਾਰਕ ਵਿੱਚ ਇੱਕ ਵਿਅਕਤੀ ਦੀ ਗੋਲੀਆਂ ਨਾਲ ਵਿੰਨ੍ਹੀ ਮਿਲੀ ਲਾਸ਼



ਬਰੈਂਪਟਨ, 31 ਮਈ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਨੂੰ ਬਰੈਂਪਟਨ ਦੇ ਪਾਰਕ ਵਿੱਚ ਗੋਲੀਆਂ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਰਾਤੀਂ 10:30 ਵਜੇ ਦੇ ਨੇੜੇ ਤੇੜੇ ਬਰੈਮਲੀ ਰੋਡ ਤੇ ਬੋਵੇਅਰਡ ਡਰਾਈਵ ਨੇੜੇ ਪੁਲਿਸ ਨੂੰ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਸ ਨੂੰ ਉੱਥੇ ਕੋਈ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਨਹੀਂ ਮਿਲਿਆ।45 ਮਿੰਟ ਬਾਅਦ ਪੁਲਿਸ ਨੂੰ ਹਾਰਟ ਲੇਕ ਤੇ ਕੌਪਰਫੀਲਡ ਰੋਡ ਉੱਤੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਵਿਅਕਤੀ ਵੱਲੋਂ ਬੇਤਰਤੀਬੇ ਢੰਗ ਨਾਲ ਗੱਡੀ ਚਲਾਉਣ ਦੀਆਂ ਖਬਰਾਂ ਮਿਲੀਆਂ ਤੇ ਫਿਰ ਵ੍ਹਾਈਟ ਸਪਰੂਸ ਪਾਰਕ ਇਲਾਕੇ ਤੋਂ ਵੀ ਇਹੋ ਜਿਹੀਆਂ ਖਬਰਾਂ ਮਿਲੀਆਂ।

ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਗੱਡੀ ਦੇ ਬਾਹਰ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ। ਪਰ ਬਾਅਦ ਵਿੱਚ ਉੱਥੇ ਹੀ ਉਸ ਦੀ ਮੌਤ ਹੋ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਵਿਅਕਤੀ ਗੱਡੀ ਦਾ ਡਰਾਈਵਰ ਸੀ ਜਾਂ ਸਵਾਰੀ ਸੀ। ਪੁਲਿਸ ਨੇ ਦੱਸਿਆ ਕਿ ਦੋਵੇਂ ਘਟਨਾਵਾਂ ਇੱਕ ਦੂਜੇ ਨਾਲ ਸਬੰਧਤ ਹਨ ਪਰ ਇਹ ਅਜੇ ਪਤਾ ਨਹੀਂ ਲੱਗ ਸਕਿਆ ਕਿ ਪਾਰਕ ਵਿੱਚ ਜਿਸ ਵਿਅਕਤੀ ਦੀ ਲਾਸ਼ ਮਿਲੀ ਸੀ ਉਸ ਨੂੰ ਪਹਿਲੀ ਲੋਕੇਸ਼ਨ ਉੱਤੇ, ਕਿਤੇ ਰਾਹ ਵਿੱਚ ਜਾਂ ਪਾਰਕ ਦੇ ਨੇੜੇ ਗੋਲੀ ਮਾਰੀ ਗਈ ਸੀ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

## ਓਐਚਆਈਪੀ ਤਹਿਤ ਬਲੱਡ ਟੈਸਟਸ ਲਈ ਕੋਈ ਪੈਸੇ ਨਹੀਂ ਵਸੂਲ ਰਹੀ ਸਰਕਾਰ : ਸਿਹਤ ਮੰਤਰਾਲਾ



ਓਨਟਾਰੀਓ, 31 ਮਈ (ਪੋਸਟ ਬਿਊਰੋ) : ਓਨਟਾਰੀਓ ਦੇ ਸਿਹਤ ਮੰਤਰਾਲੇ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਓਨਟਾਰੀਓ ਹੈਲਥ ਇੰਸ਼ੋਰੈਂਸ ਪਲੈਨ (ਓਐਚਆਈਪੀ) ਤਹਿਤ ਕਵਰ ਕੀਤੇ ਜਾਣ ਵਾਲੇ ਬਲੱਡ ਟੈਸਟਸ ਲਈ ਕੋਈ ਤਬਦੀਲੀਆਂ ਨਹੀਂ ਕੀਤੀਆਂ ਗਈਆਂ ਹਨ।

ਸਿਹਤ ਮੰਤਰਾਲੇ ਨੂੰ ਇਹ ਬਿਆਨ ਇਸ ਲਈ ਜਾਰੀ ਕਰਨਾ ਪਿਆ ਕਿਉਂਕਿ ਕਈ ਟਵੀਟਸ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਬਲੱਡ ਟੈਸਟਸ ਤੇ ਸਕਰੀਨਿੰਗ ਟੈਸਟਸ ਲਈ ਸਰਕਾਰ ਪੈਸੇ ਲੈਣ ਲੱਗੀ ਹੈ।

ਸਿਹਤ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਓਐਚਆਈਪੀ ਲਈ ਕਿਸੇ ਤਰ੍ਹਾਂ ਦੀ ਸੋਧ ਨਹੀਂ ਕੀਤੀ ਗਈ ਹੈ।ਇੱਥੇ ਇਹ ਜਾਂਣਕਾਰੀ ਦੇਣੀ ਬਣਦੀ ਹੈ ਕਿ ਚੋਣ ਕੈਂਪੇਨ ਦੌਰਾਨ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਸ ਤਰ੍ਹਾਂ ਦਾ ਨਕਾਰਾਤਮਕ ਪ੍ਰਚਾਰ ਕੀਤਾ ਜਾ ਰਿਹਾ ਹੈ।ਨੇਪੀਅਨ ਤੋਂ ਲਿਬਰਲ ਉਮੀਦਵਾਰ ਟਾਈਲਰ ਵਾਟ ਵੱਲੋਂ ਇਹ ਟਵੀਟ ਕੀਤਾ ਗਿਆ ਸੀ ਕਿ ਫੋਰਡ ਸਰਕਾਰ ਚੁੱਪ ਚਪੀਤਿਆਂ ਇਸ ਤਰ੍ਹਾਂ ਦੇ ਟੈਸਟਸ ਲਈ ਹੁਣ ਫੀਸ ਵਸੂਲਣ ਲੱਗੀ ਹੈ।ਟਵੀਟ ਵਿੱਚ ਇੱਥੋਂ ਤੱਕ ਆਖਿਆ ਗਿਆ ਸੀ ਕਿ ਫੋਰਡ ਸਰਕਾਰ ਕੈਂਸਰ ਸਕਰੀਨਿੰਗ ਲਈ 86 ਡਾਲਰ ਤੱਕ ਵਸੂਲ ਰਹੀ ਹੈ। ਪਰ ਬਾਅਦ ਵਿੱਚ ਟਾਈਲਰ ਵੱਲੋਂ ਇਹ ਟਵੀਟ ਹਟਾ ਲਿਆ ਗਿਆ।

ਓਨਟਾਰੀਓ ਦੀ ਹੈਲਥ ਕੋਲੀਸ਼ਨ (ਓਐਚਸੀ) ਦੇ ਐਗਜ਼ੈਕਟਿਵ ਡਾਇਰੈਕਟਰ ਨੇ ਆਖਿਆ ਕਿ ਇਹ ਸੱਚ ਹੈ ਕਿ ਸਰਕਾਰ ਵੱਲੋਂ ਕੁੱਝ ਹੈਲਥ ਕੇਅਰ ਸੇਵਾਵਾਂ ਦਾ ਨਿਜੀਕਰਣ ਕੀਤਾ ਜਾ ਰਿਹਾ ਹੈ ਪਰ ਬਲੱਡ ਟੈਸਟਸ ਜਾਂ ਇਸ ਤਰ੍ਹਾਂ ਦੇ ਹੋਰ ਟੈਸਟਸ ਦੇ ਕੋਈ ਪੈਸੇ ਨਹੀਂ ਲਏ ਜਾ ਰਹੇ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor 416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0011
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ "

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4

EXCLUSIVE OFFER!

GET A $15
IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ >>

ਦਾਅਵੇ ਕਰਦੀ ਸਰਕਾਰ ਹੈ ਬਹੁਤ ਬੇਸ਼ੱਕ,
ਤਰੱਕੀ ਵਾਲੀ ਪਰ ਢਿੱਲੀ ਹੈ ਚਾਲ ਮਿੱਤਰ।
ਅੰਕੜੇ ਕਹਿਣ ਤਰੱਕੀ ਆ ਬਹੁਤ ਹੋ ਗਈ,
ਰਹਿੰਦਾ ਲੋਕਾਂ ਦਾ ਉਹੋ ਜਿਹਾ ਹਾਲ ਮਿੱਤਰ।
ਜਿਹੜੇ ਮਾਇਆ ਦੇ ਬੈਠੇ ਹਨ ਢੇਰ ਉੱਪਰ,
ਉਨ੍ਹਾਂ ਕੋਲ ਜਾਂਦਾ ਈ ਵਧਦਾ ਮਾਲ ਮਿੱਤਰ।
ਔਕੜਾਂ ਕੱਟ ਰਹੇ ਲੋਕੀਂ ਜਦ ਭੜਕ ਪੈਸਣ,
ਵਰਤੀ ਜਾਂਦੀ ਫਿਰ ਧਰਮ ਦੀ ਢਾਲ ਮਿੱਤਰ।
ਸੰਵਿਧਾਨਕ ਪੱਖੋਂ ਬਰਾਬਰ ਨੇ ਲੋਕ ਬੇਸ਼ੱਕ,
ਬੰਦੇ-ਬੰਦੇ ਵਿੱਚ ਫਰਕ ਨਹੀਂ ਕੋਈ ਮਿੱਤਰ।
ਅਮਲੀ ਜੀਵਨ ਵਿੱਚ ਮਾਣਨ ਅਮੀਰ ਐਸ਼ਾਂ,
ਆਦਮੀ ਆਮ ਜਾਂਦਾ ਏ ਬੋਝ ਢੋਈ ਮਿੱਤਰ।

**ਤੀਸ ਮਾਰ ਖਾਂ**

# ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਪੰਜਾਬ ਪੁਲਸ ਵੱਲੋਂ ਦੇਹਰਾਦੂਨ ਤੋਂ ਪਹਿਲੀ ਗ੍ਰਿਫ਼ਤਾਰੀ

*** ਦਿੱਲੀ ਵਿੱਚ ਜੇਲ੍ਹ ਤੋਂ ਲਾਰੈਂਸ ਬਿਸ਼ਨੋਈ ਰਿਮਾਂਡ ਉੱਤੇ ਲਿਆ * ਪੰਜਾਬ ਅਤੇ ਦਿੱਲੀ ਪੁਲਸ ਵੱਲੋਂ ਪੁੱਛਗਿੱਛ ਸ਼ੁਰੂ**

ਚੰਡੀਗੜ੍ਹ, 31 ਮਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਪੁਲਸ ਨੇ ਦੇਹਰਾਦੂਨ ਤੋਂ ਮਨਪ੍ਰੀਤ ਸਿੰਘ ਨਾਂ ਦੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਤੇ ਉਸ ਦਾ 5 ਦਿਨਾਂ ਦਾ ਰਿਮਾਂਡ ਲਿਆ ਹੈ। ਇਸ ਦੌਰਾਨ ਪੁਲਸ ਨੇ ਬਠਿੰਡਾ ਤੇ ਫਿਰੋਜ਼ਪੁਰ ਜੇਲ੍ਹਾਂ ਤੋਂ ਵੀ ਦੋ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆ ਤੇ ਉਨ੍ਹਾਂ ਤੋਂ ਸਿੱਧੂਮੂਸੇਵਾਲਾ ਦੇ ਕਤਲ ਬਾਰੇ ਪੁੱਛਗਿੱਛ ਚੱਲ ਰਹੀ ਹੈ। ਵਰਨਣ ਯੋਗ ਹੈ ਕਿ ਪਿਛਲੇ ਐਤਵਾਰ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦਾ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇਕਤਲ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਨੇਆਪਣੇ ਸਿਰ ਲਈ ਸੀ।ਲਾਰੈਂਸ ਨੂੰ ਦਿੱਲੀ ਪੁਲਸ ਨੇ ਤਿਹਾੜ ਜੇਲ੍ਹ ਤੋਂ ਰਿਮਾਂਡ ਉੱਤੇ ਲਿਆਂਦਾ ਹੈ।

ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਨੇ ਸਿੱਧੂਮੂਸੇਵਾਲਾਕੇਸ ਦੀ ਪਹਿਲੀ ਗ੍ਰਿਫਤਾਰੀ ਵਜੋਂ ਉਤਰਾਖੰਡ ਪੁਲਿਸ ਦੀ ਮਦਦ ਨਾਲ ਮਨਪ੍ਰੀਤ ਸਿੰਘ ਨਾਮ ਦਾ ਦੋਸ਼ੀ ਫੜਿਆ ਹੈ, ਜਿਸ ਨੇ ਹਮਲਾਵਰਾਂ ਨੂੰ ਬੋਲੈਰੋ ਤੇ ਕੋਰੋਲਾ ਗੱਡੀਆਂ ਕਤਲ ਦੀ ਵਾਰਦਾਤ ਲਈਦਿੱਤੀਆਂ ਸਨ। ਅਪਰਾਧਿਕ ਪਿਛੋਕੜ ਵਾਲਾਮਨਪ੍ਰੀਤ ਸਿੰਘ ਪੁਲਿਸ ਵੱਲੋਂਸਿੱਧੂਮੂਸੇਵਾਲਾ ਕੇਸ ਵਿੱਚਗ੍ਰਿਫਤਾਰ ਕੀਤਾ ਪਹਿਲਾ ਦੋਸ਼ੀ ਹੈ। ਪੁਲਿਸ ਦੀ ਬੇਨਤੀ ਉੱਤੇ ਅਦਾਲਤ



ਨੇ ਉਸ ਦਾ ਪੰਜ ਦਿਨਾ ਪੁਲਿਸ ਰਿਮਾਂਡ ਦਿੱਤਾ ਹੈ।ਉਸ ਦੇ ਖਿਲਾਫ ਫਰੀਦਕੋਟ, ਮੁਕਤਸਰ ਅਤੇ ਹੋਰ ਜ਼ਿਲ੍ਹਿਆਂ ਵਿੱਚ 9 ਅਪਰਾਧਕ ਕੇਸ ਹਨ।ਉਸ ਦੀ ਗ੍ਰਿਫ਼ਤਾਰੀ ਫਿਲਮੀ ਢੰਗ ਨਾਲ ਹੋਈ।ਉਹ ਸ਼ਰਧਾਲੂਆਂ ਦੀ ਭੀੜ ਵਿੱਚ ਸ਼ਾਮਲ ਹੋ ਕੇ ਪੁਲੀਸ ਤੋਂ ਬਚਣਦਾਯਤਨ ਕਰ ਰਿਹਾ ਸੀ। ਉਤਰਾਖੰਡ ਪੁਲਿਸ ਨੇ ਉਸ ਦੇ ਨਾਲ ਫੜੇ ਪੰਜ ਜਣਿਆਂ ਨੂੰ ਵੀ ਪੰਜਾਬ ਪੁਲਿਸ ਹਵਾਲੇ ਕਰ ਦਿੱਤਾ ਹੈ।ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਨੇ ਉਤਰਾਖੰਡ ਐੱਸਟੀਐੱਫ (ਸਪੈਸ਼ਲ ਟਾਸਕ ਫੋਰਸ) ਨੂੰ ਸੂਚਨਾਭੇਜੀ ਕਿ ਕਤਲ ਨਾਲ ਸਬੰਧਤ ਕੁਝ ਦੋਸ਼ੀਓਧਰ ਆ ਰਹੇ ਹਨ। ਇਸ ਪਿੱਛੋਂ ਦੋਵਾਂ ਰਾਜਾਂ ਦੀਆਂ ਪੁਲਿਸ ਟੀਮਾਂ ਨੇ ਸਾਂਝੀ ਘੇਰਾਬੰਦੀ ਕੀਤੀ।ਐੱਸਟੀਐੱਫ ਨੇ ਸਭ ਤੋਂ ਪਹਿਲਾਂ ਫਿਲਮੀ ਅੰਦਾਜ਼ ਵਿੱਚ ਨਵਾਂਗਾਓਂ ਚੌਕੀ ਖੇਤਰ ਵਿੱਚ ਜਾਮ ਲਾਇਆ ਤਾਂ ਜੋ ਪੰਜਾਬ ਵੱਲੋਂ ਆਏ ਵਾਹਨ ਲੰਘ ਨਾ ਸਕਣ। ਫਿਰ ਵਾਈਟ ਕਰੀਟਾ ਗੱਡੀ ਵਿੱਚਜਾਂਦੇ 6 ਨੌਜਵਾਨਾਂ ਨੂੰ ਫੜ ਕੇ ਪੰਜਾਬ ਪੁਲਿਸ ਨੂੰ ਸੌਂਪਦਿੱਤਾ।

ਦੂਸਰੇ ਪਾਸੇ ਸਿੱਧੂਮੂਸੇਵਾਲਾ ਕਤਲ ਕੇਸ ਦੇ ਮੁੱਖ ਦੋਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ, ਜਿਹੜਾ ਤਿਹਾੜ ਜੇਲ ਵਿੱਚ ਬੰਦ ਸੀ, ਨੂੰ ਦਿੱਲੀ ਪੁਲਸ ਨੇ ਅੱਜ ਰਿਮਾਂਡ ਉੱਤੇ ਲਿਆ ਤੇ ਪੁੱਛਗਿੱਛ ਵਾਸਤੇ ਲੈ ਗਈ ਹੈ।ਉਸ ਨੂੰ ਤਿਹਾੜ ਜੇਲ੍ਹ ਦੇ ਵਿਸ਼ੇਸ਼ ਸੈੱਲ ਵਿੱਚ ਰੱਖਿਆ ਸੀ।ਦਿੱਲੀ ਪੁਲਿਸ ਨੇ ਅਦਾਲਤ ਤੋਂ ਉਸ ਦਾ 5 ਦਿਨਾਂ ਦਾ ਰਿਮਾਂਡ ਲਿਆ ਹੈ। ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਉੱਤੇਸਿੱਧੂਮੂਸੇਵਾਲਾ ਨੂੰ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ।ਬਿਸ਼ਨੋਈ ਨੂੰ ਪਹਿਲਾਂ ਹੀ ਦਿੱਲੀ ਪੁਲਿਸ ਵੱਲੋਂ ਰਿਮਾਂਡ ਉੱਤੇ ਲੈਣਬਾਰੇ ਸ਼ੱਕ ਹੋਣ ਕਾਰਨ ਉਸ ਨੇ ਆਪਣੇ ਵਕੀਲ ਰਾਹੀਂ ਪਟਿਆਲਾ ਕੋਰਟ ਵਿੱਚਅਰਜ਼ੀ ਦੇਕੇ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਅਤੇਲਿਖਿਆ ਸੀ ਕਿ ਜੇਲ ਵਿੱਚਉਸ ਦੀ ਜਾਨ ਨੂੰ ਖਤਰਾ ਹੈਅਤੇਮੂਸੇਵਾਲਾਕੇਸ ਦੇ ਕਾਰਨ ਜੇਲ ਵਿੱਚਵੀ ਪੁਲਸ ਉਸ ਦਾ ਐਨਕਾਊਂਟਰ ਕਰ ਸਕਦੀ ਹੈ ਤੇ ਵਿਰੋਧੀ ਗੈਂਗਵੱਲੋਂ ਹਮਲਾ ਕਰਨ ਦੀ ਵੀ ਗੱਲ ਪਤਾ ਲੱਗੀ ਹੈ। ਵਕੀਲ ਨੇ ਮੰਗ ਕੀਤੀ ਸੀ ਕਿ ਬਿਸ਼ਨੋਈ ਦੀ ਸੁਰੱਖਿਆ ਵਧਾਈ ਜਾਵੇ।ਮੂਸੇਵਾਲਾ ਕਤਲ ਕਾਂਡ ਵਿੱਚਅਜੇ ਤੱਕ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕੈਨੇਡਾ ਵਿੱਚ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਨੇ ਇਸ ਕਤਲਦੀ ਜ਼ਿੰਮੇਵਾਰੀ ਲਈ ਸੀ, ਜਿਹੜਾ ਲਾਰੈਂਸ ਬਿਸ਼ਨੋਈ ਦਾ ਕਰੀਬੀ ਹੈ।ਲਾਰੈਂਸ ਬਿਸ਼ਨੋਈ ਤੋਂ ਪੰਜਾਬ ਅਤੇ ਦਿੱਲੀ ਪੁਲਸ ਦੀਆਂ ਟੀਮਾਂ ਮਿਲ ਕੇ ਪੁੱਛਗਿੱਛ ਕਰ ਰਹੀਆਂ ਹਨ।

ਓਧਰ ਮਾਨਸਾ ਜ਼ਿਲੇ ਦੇ ਪਿੰਡ ਮੂਸਾ ਵਿਖੇ ਅੱਜ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸ ਮੌਕੇ ਉਸ ਦੀ ਮਾਂ ਚਰਨ ਕੌਰ ਨੇ ਆਪਣੇ ਪੁੱਤ ਦੇ ਸਿਰ ਉਤੇ ਆਖ਼ਰੀ ਵਾਰ ਜੂੜਾ ਕੀਤਾ ਅਤੇ ਪਿਤਾ ਬਲਕੌਰ ਸਿੰਘ ਨੇ ਪੁੱਤਰ ਦੇ ਸਿਰ ਉਤੇ ਨਾਬੀ ਰੰਗ ਦੀ ਪੱਗ ਬੰਨੀ, ਜਿਸ ਪਿੱਛੋਂ ਮਾਂ ਨੇ ਪੁੱਤ ਦੇ ਮੱਥੇ ਉੱਤੇ ਸਿਹਰਾ ਬੰਨ੍ਹ ਕੇਵਿਦਾਈ ਦਿੱਤੀ।ਸਿੱਧੂਮੂਸੇਵਾਲਾ ਦੇ ਪਿਤਾ ਨੇ ਆਪਣੀ ਪੱਗ ਹੱਥਾਂ ਵਿੱਚ ਲੈ ਕੇ ਦੁੱਖ ਵਿੱਚ ਸ਼ਰੀਕ ਹੋਣ ਆਏਲੋਕਾਂ ਦਾ ਧੰਨਵਾਦ ਕੀਤਾ। ਇਸ ਵੇਲੇ ਪੰਜਾਬ, ਹਰਿਆਣਾ, ਰਾਜਸਥਾਨ ਤੋਂ ਵੱਡੀ ਗਿਣਤੀ ਵਿੱਚ ਲੋਕ ਪੁੱਜੇ ਸਨ।

## ਟੋਰਾਂਟੋ ਦੇ ਦੋ ਸਕੂਲਾਂ ਵਿੱਚ ਪੈਲੇਟ ਗੰਨਜ਼ ਨਾਲ ਕੀਤੇ ਹਮਲਿਆਂ ਲਈ 3 ਟੀਨੇਜਰ ਗ੍ਰਿਫਤਾਰ




ਟੋਰਾਂਟੋ, 31 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਸਥਿਤ ਸਕੂਲਾਂ ਵਿੱਚ ਦੋ ਵੱਖਰੇ ਪੈਲੇਟ ਗੰਨ ਮਾਮਲਿਆਂ ਦੇ ਸਬੰਧ ਵਿੱਚ ਤਿੰਨ ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਦੁਪਹਿਰੇ 12:45 ਦੇ ਨੇੜੇ ਤੇੜੇ ਬਲੂਅਰ ਸਟਰੀਟ ਵੈਸਟ ਤੇ ਡੰਡਸ ਸਟਰੀਟ ਵੈਸਟ ਨੇੜੇ ਸਥਿਤ ਇੱਕ ਸਕੂਲ ਵਿੱਚ ਟੋਰਾਂਟੋ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੂੰ ਦੱਸਿਆ ਗਿਆ ਕਿ ਇੱਥੇ ਇੱਕ 15 ਸਾਲਾ ਲੜਕੇ ਨੇ ਕਥਿਤ ਤੌਰ ਉੱਤੇ 17 ਸਾਲਾ ਲੜਕੀ ਉੱਤੇ ਪੈਲੇਟ ਗੰਨ ਨਾਲ ਹਮਲਾ ਕੀਤਾ। ਲੜਕੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਅਧਿਕਾਰੀਆਂ ਨੇ ਇਸ ਲੜਕੇ ਨੂੰ ਸਕੂਲ ਤੋਂ ਹੀ ਗ੍ਰਿਫਤਾਰ ਕਰ ਲਿਆ ਤੇ ਉਸ ਉੱਤੇ ਖਤਰਨਾਕ ਹਥਿਆਰ ਰੱਖਣ ਦੇ ਦੋਸ਼ ਲਾਏ ਗਏ।

ਪੁਲਿਸ ਨੂੰ ਸ਼ਾਮੀਂ 4:00 ਵਜੇ ਤੋਂ ਬਾਅਦ ਜੇਨ ਸਟਰੀਟ ਤੇ ਲਾਅਰੈਂਸ ਐਵਨਿਊ ਵੈਸਟ ਨੇੜੇ ਵੈਸਟਨ ਕਾਲਜੀਏਟ ਇੰਸਟੀਚਿਊਟ ਵਿੱਚ ਵੀ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਸਕੂਲ ਦੀ ਪ੍ਰਾਪਰਟੀ ਉੱਤੇ ਇੱਕ 15 ਸਾਲਾ ਲੜਕੇ ਦੇ ਸਿਰ ਤੇ ਬਾਂਹ ਉੱਤੇ ਪੈਲੇਟ ਗੰਨ ਨਾਲ ਹਮਲਾ ਕੀਤਾ ਗਿਆ। ਉਸ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਠੀਕ ਦੱਸੀ ਜਾਂਦੀ ਹੈ।

ਇਸ ਕਾਰੇ ਨੂੰ ਅੰਜਾਮ ਦੇਣ ਵਾਲੇ ਦੋ ਟੀਨੇਜਰਜ਼ ਮੌਕੇ ਤੋਂ ਫਰਾਰ ਹੋ ਗਏ ਪਰ ਉਨ੍ਹਾਂ ਨੂੰ ਜਲਦ ਹੀ ਲੋਕੇਟ ਕਰਨ ਤੋਂ ਬਾਅਦ ਸਕੂਲ ਤੋਂ ਥੋੜ੍ਹੀ ਦੂਰੀ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਦੋਵਾਂ ਕੋਲੋਂ ਪੈਲੇਟ ਗੰਨਜ਼ ਬਰਾਮਦ ਹੋਈਆਂ। 15 ਸਾਲਾ ਲੜਕੇ ਨੂੰ ਹਥਿਆਰ ਨਾਲ ਹਮਲਾ ਕਰਨ, ਖਤਰਨਾਕ ਹਥਿਆਰ ਰੱਖਣ ਤੇ ਧਮਕੀਆਂ ਦੇਣ ਲਈ ਚਾਰਜ ਕੀਤਾ ਗਿਆ ਜਦਕਿ 17 ਸਾਲਾ ਲੜਕੇ ਨੂੰ ਖਤਰਨਾਕ ਹਥਿਆਰ ਰੱਖਣ ਲਈ ਚਾਰਜ ਕੀਤਾ ਗਿਆ।

## ਰਿਸ਼ਵਤ ਲੈਣ ਦੇ ਦੋਸ਼ ’ਚ ਸਹਾਇਕ ਲਾਈਨਮੈਨ ਉਤੇ ਕੇਸ ਦਰਜ

ਜਲੰਧਰ, 31 ਮਈ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਵਿੱਚ ਤੈਨਾਤ ਪਾਵਰਕਾਮ ਦੇ ਅਸਿਸਟੈਂਟ ਲਾਈਨਮੈਨ ਅੰਮ੍ਰਿਤ ਲਾਲ ਮੋਦੀ ਖਿਲਾਫ 75 ਹਜ਼ਾਰ ਰੁਪਏ ਰਿਸ਼ਵਤ ਲੈਣ ਦਾ ਕੇਸ ਦਰਜ ਕੀਤਾ ਹੈ। ਅੰਮ੍ਰਿਤ ਲਾਲ ਦੇ ਖਿਲਾਫ ਬਲਵੀਰ ਕੌਰ ਪਿੰਡ ਤਲਹਨ ਨੇ ਵਿਜੀਲੈਂਸ ਦੇ ਵਾਟਸਐਪ ਗਰੁੱਪ ਵਿੱਚ ਸ਼ਿਕਾਇਤ ਦਰਜ ਕਰਾਈ ਸੀ। ਸ਼ਿਕਾਇਤਕਰਤਾ ਨੇ ਕਿਹਾ ਕਿ ਲਾਈਨਮੈਨ ਘਰੇਲੂ ਬਿਜਲੀ ਬਿੱਲ ਦੇ ਨਿਪਟਾਰੇ ਲਈ ਤਿੰਨ ਕਿਸ਼ਤਾਂ ਵਿੱਚ 75 ਹਜ਼ਾਰ ਰੁਪਏ ਲੈ ਚੁੱਕਾ ਸੀ, ਪਰ ਬਿੱਲ ਦਾ ਨਿਪਟਾਰਾ ਨਹੀਂ ਕੀਤਾ। ਲਾਈਨਮੈਨ ਨੇ ਸ਼ਿਕਾਇਤਕਰਤਾ ਨੂੰ ਰਿਸ਼ਵਤ ਦੀ ਰਕਮ ਮੋੜਨ ਲਈ ਪੰਜਾਹ ਹਜ਼ਾਰ ਰੁਪਏ ਦਾ ਚੈਕ ਦਿੱਤਾ, ਪਰਬੈਂਕ ਨੇ ਰੱਦ ਕਰ ਦਿੱਤਾ ਸੀ।ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਲਾਈਨਮੈਨ ਨੇ ਜੁਰਮ ਮੰਨ ਲਿਆ ਹੈ ਤੇਉਸ ਉੱਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕਰ ਲਿਆ ਹੈ,ਪ੍ਰੰਤੂ ਅਜੇ ਤਕ ਉਸ ਦੀ ਗ੍ਰਿਫਤਾਰੀ ਨਹੀਂ ਹੋਈ। ਜਲਦੀ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਏਗਾ।

## ਓਕਵਿੱਲ ਦੇ ਸਕੂਲ ਵਿੱਚ ਲਾਕਡਾਊਨ ਲਾਏ ਜਾਣ ਮਗਰੋਂ ਟੀਨੇਜਰ ਹਿਰਾਸਤ ਵਿੱਚ



ਓਕਵਿੱਲ, 31 ਮਈ (ਪੋਸਟ ਬਿਊਰੋ) : ਹਥਿਆਰਬੰਦ ਵਿਅਕਤੀ ਨੂੰ ਇਲਾਕੇ ਵਿੱਚ ਵੇਖੇ ਜਾਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਓਕਵਿੱਲ ਦੇ ਇੱਕ ਸਕੂਲ ਵਿੱਚ ਲਾਕਡਾਊਨ ਲਾਏ ਜਾਣ ਮਗਰੋਂ ਇੱਕ 16 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਮੌਂਟਕਲੇਅਰ ਡਰਾਈਵ ਉੱਤੇ ਸਥਿਤ ਵ੍ਹਾਈਟ ਓਕਸ ਸੈਕੰਡਰੀ ਸਕੂਲ ਵਿੱਚ ਲਾਕਡਾਊਨ ਲਾ ਦਿੱਤਾ ਗਿਆ ਜਦਕਿ ਨੇੜਲੇ ਸਕੂਲਾਂ ਜਿਵੇਂ ਕਿ ਇਕੋਲ ਗੇਟਨ ਗੈਰਵਾਇਸ, ਮੌਂਟਕਲੇਅਰ ਪਬਲਿਕ ਸਕੂਲ, ਸੇਂਟ ਮਾਈਕਲ ਐਲੀਮੈਂਟਰੀ, ਮੰਨਜ਼ ਐਂਡ ਇਕੋਲ ਐਲੀਮੈਂਟੇਅਰ ਡੂ ਚੇਨ, ਸਕੂਲਾਂ ਨੂੰ ਹੋਲਡ ਐਂਡ ਸਕਿਓਰ ਵਾਲੀ ਸਥਿਤੀ ਵਿੱਚ ਰੱਖਿਆ ਗਿਆ।

ਸਕੂਲ ਵਿੱਚ ਤਲਾਸ਼ੀ ਲਏ ਜਾਣ ਤੋਂ ਬਾਅਦ ਮਸ਼ਕੂਕ ਸਕੂਲ ਦੀ ਪ੍ਰਾਪਰਟੀ ਤੋਂ ਮਿਲ ਗਿਆ ਤੇ ਉਸ ਕੋਲੋਂ ਪੁਲਿਸ ਵੱਲੋਂ ਹੈਂਡਗੰਨ ਦੀ ਨਕਲ ਬਰਾਮਦ ਕੀਤੀ ਗਈ। ਹਾਲਟਨ ਪੁਲਿਸ ਨੇ ਆਖਿਆ ਕਿ ਉਸ ਖਿਲਾਫ ਹਥਿਆਰਾਂ ਨਾਲ ਸਬੰਧਤ ਚਾਰਜਿਜ਼ ਲਾਏ ਜਾਣਗੇ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਤੇ ਸੇਫਟੀ ਸਬੰਧੀ ਸਾਰੇ ਇੰਤਜ਼ਾਮ ਹਟਾ ਲਏ ਗਏ ਹਨ।

## ਦਿਨ ਦਿਹਾੜੇ ਹੋਈ ਕਾਰਜੈਕਿੰਗ ਮਗਰੋਂ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਵਾਅਨ, 31 ਮਈ (ਪੋਸਟ ਬਿਊਰੋ) : ਵਾਅਨ ਦੇ ਇੱਕ ਘਰ ਤੋਂ ਹੋਈ ਹਥਿਆਰਬੰਦ ਕਾਰਜੈਕਿੰਗ ਤੋਂ ਬਾਅਦ ਯੌਰਕ ਰੀਜਨਲ ਪੁਲਿਸ ਕਈ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਪੁਲਿਸ ਨੂੰ ਦੁਪਹਿਰੇ 1:00 ਵਜੇ ਦੇ ਨੇੜੇ ਤੇੜੇ ਕੀਲ ਤੇ ਟੈਸਟਨ ਰੋਡ ਏਰੀਆ ਵਿੱਚ ਪਰਸੈਲ ਕ੍ਰੀਸੈਂਟ ਉੱਤੇ ਸਥਿਤ ਘਰ ਤੋਂ ਹੋਈ ਕਾਰਜੈਕਿੰਗ ਦੀ ਖਬਰ ਦੇਣ ਲਈ ਫੋਨ ਆਇਆ। ਪੁਲਿਸ ਨੇ ਦੱਸਿਆ ਕਿ ਕਾਲੇ ਰੰਗ ਦੀ ਆਡੀ ਕਿਊ5 ਲੈ ਕੇ ਜਦੋਂ ਇੱਕ ਵਿਅਕਤੀ ਆਪਣੇ ਘਰ ਜਾ ਰਿਹਾ ਸੀ ਤਾਂ ਹੈਂਡਗੰਨਜ਼ ਨਾਲ ਲੈਸ ਦੋ ਵਿਅਕਤੀਆਂ ਵੱਲੋਂ ਠੀਕ ਉਸ ਦੇ ਘਰ ਦੇ ਬਾਹਰ ਉਸ ਦਾ ਰਾਹ ਰੋਕ ਲਿਆ ਗਿਆ। ਮਸ਼ਕੂਕਾਂ ਵੱਲੋਂ ਉਸ ਵਿਅਕਤੀ ਦੀ ਕਾਰ ਦੇ ਨਾਲ ਨਾਲ ਉਸ ਦਾ ਪਰਸ ਤੇ ਸੈੱਲ ਫੋਨ ਵੀ ਖੋਹ ਲਿਆ ਗਿਆ।




ਉਸ ਵਿਅਕਤੀ ਨੂੰ ਹੋਰ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਬਲੈਕ ਵਿਅਕਤੀ ਸਨ ਜੋ ਕਿ ਆਪਣੇ 20ਵਿਆਂ ਵਿੱਚ ਸਨ। ਜੀਟੀਏ ਵਿੱਚ ਹੋ ਰਹੀਆਂ ਹਥਿਆਰਬੰਦ ਕਾਰਜੈਕਿੰਗਜ਼ ਦੇ ਮਾਮਲੇ ਵਿੱਚ ਇਹ ਤਾਜ਼ਾ ਘਟਨਾ ਹੈ।


ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਬਿਸ਼ਨੋਈ ਦਾ ਨਾਂ ਆਉਣ ਉੱਤੇ ਸਲਮਾਨ ਖਾਨ ਦੀ ਸੁਰੱਖਿਆ ਵਧਾਈ

## * ਮਨਕੀਰਤ ਔਲਖ ਨੇ ਸਿੱਧੂ ਮੂਸੇਵਾਲਾ ਕਤਲ ਕੇਸ ਬਾਰੇ ਚੁੱਪ ਤੋੜੀ



ਨਵੀਂ ਦਿੱਲੀ, 31 ਮਈ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂਅ ਆਉਣ ਤੋਂ ਬਾਅਦ ਪ੍ਰਸਿੱਧ ਫਿਲਮ ਸਟਾਰ ਸਲਮਾਨ ਖਾਨ ਦੀ ਸੁਰੱਖਿਆ ਵੀ ਵਧਾਈ ਗਈ ਹੈ ਅਤੇ ਅੱਜ ਇਸ ਕੇਸ ਬਾਰੇ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਵੀ ਆਪਣੀ ਗੱਲ ਕਹੀ ਹੈ।
ਵਰਨਣ ਯੋਗ ਹੈ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਉੱਤੇਸਿੱਧੂਮੂਸੇਵਾਲਾਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਲਾਰੈਂਸ ਬਿਸ਼ਨੋਈ ਨੂੰ ਦਿੱਲੀ ਪੁਲਸ ਵੱਲੋਂ ਰਿਮਾਂਡ ਉੱਤੇ ਲੈਣ ਦਾ ਅਗੇਤਾ ਅੰਦ-ਾਜ਼ਾ ਹੋਣ ਕਰ ਕੇ ਉਸ ਨੇ ਆਪਣੇ ਵਕੀਲ ਰਾਹੀਂ ਪਟਿਆਲਾ ਕੋਰਟ ਵਿੱਚਅਰਜ਼ੀ ਪੇਸ਼ ਕਰਕੇ ਆਪਣੀਸੁਰੱਖਿਆ ਵਧਾਉਣ ਦੀ ਮੰਗ ਕੀਤੀ ਸੀ, ਪਰ ਉਲਟਾ ਉਸ ਦਾ ਪ੍ਰੋਡਕਸ਼ਨ ਰਿਮਾਂਡ ਦਿੱਲੀ ਪੁਲਸ ਨੂੰ ਮਿਲ ਗਿਆ ਅਤੇ ਪੰਜਾਬ ਅਤੇ ਦਿੱਲੀ ਪੁਲਸ ਦੀਆਂ ਟੀਮਾਂ ਉਸ ਤੋਂ ਪੁੱਛਗਿੱਛ ਦੇ ਕੰਮ ਲੱਗ ਗਈਆਂ। ਦੱਸਿਆ ਜਾਂਦਾ ਹੈ ਕਿ ਸਿੱਧੂਮੂਸੇਵਾਲਾ ਨੂੰ ਮਾਰਨ ਦੀ ਸਾਜ਼ਿਸ਼ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਰਚੀ ਗਈ ਤੇ ਲਾਰੈਂਸ ਬਿਸ਼ਨੋਈ ਨੇ ਕੈਨੇਡਾ ਵਿੱਚ ਬੈਠੇ ਗੋਲਡੀ ਬਰਾੜ ਨਾਲਵਰਚੁਅਲ ਕੰਟੈਕਟ ਨੰਬਰ ਤੋਂ ਕਈ ਵਾਰ ਗੱਲ ਕੀਤੀ ਸੀ। ਤਿਹਾੜ ਦੀ ਜੇਲ੍ਹ ਨੰਬਰ-8 ਵਿੱਚ ਸਖ਼ਤ ਸੁਰੱਖਿਆਹੇਠ ਬੰਦਲਾਰੈਂਸ ਬਿਸ਼ਨੋਈ ਦਾ ਨਾਂ ਸਿੱਧੂ ਮੂਸੇਵਾਲਾ ਕੇਸ ਵਿੱਚ ਆਉਣਪਿੱਛੋਂਪ੍ਰਸਿੱਧ ਬਾਲੀਵੁੱਡ ਐਕਟਰ ਸਲਮਾਨ ਖਾਨ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ, ਤਾਂ ਜੋ ਉਸ ਨੂੰ ਰਾਜਸਥਾਨ ਵੱਲੋਂ ਕਿਸੇ ਗੈਂਗਦੀ ਕਿਸੇ ਮਾਰ ਤੋਂਬਚਾਇਆ ਜਾ ਸਕੇ।ਪੁਲਸ ਦੇ ਇੱਕ ਸੀਨੀਅਰ ਅਫਸਰ ਨੇ ਕਿਹਾ, 'ਸਲਮਾਨ ਖਾਨ ਦੀ ਸਮੁੱਚੀ ਸੁਰੱਖਿਆ ਵਧਾ ਦਿੱਤੀ ਹੈ ਤੇ ਉਸ ਦੇ ਅਪਾਰਟਮੈਂਟ ਦੇ ਦੁਆਲੇ ਪੁਲਸ ਰਹੇਗੀ ਤਾਂ ਜੋ ਯਕੀਨੀ ਹੋ ਸਕੇ ਕਿ ਰਾਜਸਥਾਨ ਤੋਂ ਆਏ ਗਿਰੋਹ ਕੋਈ ਵਾਰਦਾਤ ਨਾ ਕਰ ਜਾਣ।'
ਬਿਸ਼ਨੋਈ ਭਾਈਚਾਰਾ ਕਾਲੇ ਹਿਰਨ ਨੂੰ ਪਵਿੱਤਰ ਪ੍ਰਾਣੀ ਮੰਨਦਾ ਹੈ ਅਤੇ ਲਾਰੈਂਸ ਬਿਸ਼ਨੋਈ ਨੂੰ ਨੈਗੇਟਿਵ ਪ੍ਰਸਿੱਧੀ ਉਦੋਂ ਮਿਲੀ ਸੀ, ਜਦੋਂ ਉਸ ਨੇ ਕਾਲੇ ਹਿਰਨ ਦੇ ਸ਼ਿਕਾਰ ਵਾਲੇ ਕੇਸ ਪਿੱਛੋਂ ਸਲਮਾਨ ਖਾਨ ਨੂੰ ਮਾਰਨ ਦੀ ਸਾਜ਼ਿਸ਼ਰਚੀ ਅਤੇ ਸਾਲ 2018 ਵਿੱਚ ਅਦਾਲਤ ਦੇ ਬਾਹਰ ਕਿਹਾ ਸੀ, 'ਅਸੀਂ ਸਲਮਾਨ ਖਾਨ ਨੂੰ ਮਾਰ ਦੇਵਾਂਗੇ।' ਉਸ ਨੇ ਇਹ ਕਿਹਾ ਸੀ, 'ਇੱਕ ਵਾਰ ਜਦੋਂ ਅਸੀਂ ਕਾਰਵਾਈ ਕਰਾਂਗੇ ਤਾਂ ਸਭ ਨੂੰ ਪਤਾ ਲੱਗ ਜਾਵੇਗਾ। ਮੈਂ ਅਜੇ ਤੱਕ ਕੁਝ ਨਹੀਂ ਕੀਤਾ, ਉਹ ਬਿਨਾਂ ਕਿਸੇ ਕਾਰਨ ਮੇਰੇ ਉੱਤੇ ਅਪਰਾਧ ਦੇ ਦੋਸ਼ ਲਾ ਰਹੇ ਹਨ।'
ਦੂਸਰੇ ਪਾਸੇ ਸਿੱਧੂਮੂਸੇਵਾਲਾ ਕਤਲ ਕੇਸ ਵਿੱਚਆਪਣਾ ਨਾਂ ਆਉਣ ਉੱਤੇ ਗਾਇਕ ਮਨਕੀਰਤ ਔਲਖ ਨੇ ਅੱਜ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਕਿਹਾ ਕਿ ਸਾਨੂੰ ਦੁੱਖ ਹੈ ਕਿ ਸਾਡਾ ਭਰਾ ਸਿੱਧੂਮੂਸੇਵਾਲਾਸਾਡੇ ਵਿੱਚਨਹੀਂ ਰਿਹਾ। ਮਨਕੀਰਤ ਔਲਖ ਨੇ ਕਿਹਾ ਕਿ ਭਰੀ ਜਵਾਨੀ ਵਿੱਚ ਕਿਸੇ ਪੁੱਤ ਦਾ ਆਪਣੇ ਮਾਂ-ਪਿਓ ਤੋਂ ਵਿੱਛੜਨਾ ਬੜੀ ਮਾੜੀ ਗੱਲ ਹੈ,ਸਿੱਧੂਮੂਸੇਵਾਲਾ ਪੰਜਾਬੀ ਸੰਗੀਤ ਇੰਡਸਟਰੀ ਦਾ ਮਾਣ ਸੀ।ਇਸ ਮੌਕੇ ਉਸਨੇ ਮੀਡੀਆ ਨੂੰ ਵੀ ਕਿਹਾ ਕਿ ਕ੍ਰਿਪਾ ਕਰਕੇ ਕਿਸੇ ਬਾਰੇ ਮਾੜਾ ਨਾ ਛਾਪੋ। ਉਸ ਨੇ ਮੀਡੀਆ ਉੱਤੇ ਗਿਲਾ ਕੀਤਾ ਕਿਜੋ ਪਹਿਲਾਂਸਿੱਧੂਮੂਸੇਵਾਲਾ ਬਾਰੇ ਲਿਖਿਆ ਜਾਂਦਾ ਸੀ, ਅੱਜ ਉਹੀ ਮੇਰੇ ਬਾਰੇ ਲਿਖ ਰਹੇ ਹੋ। ਉਨ੍ਹਾਂ ਕਿਹਾ ਕਿ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਕੋਈ ਖ਼ਬਰ ਦੇਣ ਤੋਂ ਪਹਿਲਾਂ ਵੈਰੀਫਾਈ ਕਰੋ, ਗਲਤ ਨਾ ਛਾਪੋ।ਉਨ੍ਹਾਂ ਕਿਹਾ ਕਿ ਸਿੱਧੂਮੂਸੇਵਾਲਾ ਦੀ ਮੌਤ ਕਰਕੇ ਪੂਰੀ ਇੰਡਸਟਰੀ, ਪੂਰਾ ਪੰਜਾਬ ਸਦਮੇ ਵਿੱਚ ਹੈ, ਉਤੋਂ ਤੁਸੀਂ ਮੇਰੇ ਬਾਰੇ ਗਲਤ ਖ਼ਬਰਾਂ ਦੇ ਰਹੇ ਹੋ। ਉਨ੍ਹਾਂ ਕਿਹਾ ਕਿ ਕੋਈ ਗਾਇਕ ਕਿਸੇ ਧੜੇ, ਕਿਸੇ ਗੈਂਗਸਟਰ ਨਾਲ ਨਹੀਂ ਜੁੜਿਆ, ਅਸੀਂ ਮਿਹਨਤ ਕਰਕੇ ਉਠੇ ਹਾਂ ਤੇ ਅੱਜ ਜੋ ਹਾਂ, ਮਿਹਨਤ ਦੇ ਸਿਰ ਉੱਤੇ ਹਾਂ।
ਬੀਤੇ ਦਿਨੀਂ ਸਿੱਧੂਮੂਸੇਵਾਲਾਦਾ ਕਤਲ ਹੋਣਪਿੱਛੋਂ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਆਪਣੀ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਸੀ।ਮਿਲੀ ਜਾਣਕਾਰੀ ਮੁਤਾਬਕ ਮਨਕੀਰਤ ਔਲਖ ਨੂੰ ਪਿਛਲੇ ਦਿਨੀਂ ਬੰਬੀਹਾ ਗੈਂਗ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ ਤੇ ਉਸ ਉੱਤੇਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲੱਗਦਾ ਸੀ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚਕਿਹਾ ਗਿਆ ਸੀ ਕਿ ਸਾਰੇ ਗਾਇਕਾਂ ਤੋਂ ਪੈਸੇ ਵਸੂਲਣ ਪਿੱਛੇ ਵੀ ਮਨਕੀਰਤ ਦਾ ਹੱਥ ਹੈ।

# ਦਿੱਲੀ ਦਾ ਮੰਤਰੀ ਸਤੇਂਦਰ ਜੈਨ 9 ਜੂਨ ਤਕ ਈ ਡੀ ਹਿਰਾਸਤ ਵਿੱਚ



ਨਵੀਂ ਦਿੱਲੀ, 31 ਮਈ, (ਪੋਸਟ ਬਿਊਰੋ)- ਮਨੀ ਲਾਂਡਰਿੰਗ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਨੂੰ ਅੱਜ ਦੁਪਹਿਰ ਰਾਊਜ਼ ਐਵੇਨਿਊ ਕੋਰਟ ਵਿੱਚ ਪੇਸ਼ ਕਰ ਕੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਦਾਲਤ ਤੋਂ ਉਸ ਦੇ 14 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ, ਪਰ 9 ਜੂਨ ਤੱਕ ਦਾ ਰਿਮਾਂਡ ਮਿਲਿਆ ਹੈ।
ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਅਨੁਸਾਰ 2015 ਅਤੇ 2017 ਵਿਚਾਲੇ 4.81 ਕਰੋੜ ਰੁਪਏ ਦੀ ਆਮਦਨ ਤੋਂ ਵੱਧ ਜਾਇਦਾਦ ਅਤੇ ਹਵਾਲਾ ਰਾਹੀਂ ਪੈਸੇ ਜੋੜਨ ਦੇ ਦੋਸ਼ਾਂ ਦੀ ਪੁੱਛਗਿੱਛ ਲਈਸੀਬੀਆਈ ਅਤੇ ਇਨਕਮ ਟੈਕਸ ਵਿਭਾਗਨੂੰ ਸਤੇਂਦਰ ਜੈਨ ਦੀ ਹਿਰਾਸਤ ਦੀ ਲੋੜ ਹੈ।ਇਸ ਦੌਰਾਨ ਰਜਿਸਟਰੀ ਵਿੱਚ ਪੈਸੇ ਚੈੱਕ ਰਾਹੀਂ ਦੇਣ ਦੀ ਗੱਲ ਵੀ ਕਹੀ ਗਈ, ਪਰ ਅਦਾਇਗੀ ਨਕਦ ਹੋਈ ਸੀ। ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਸਤੇਂਦਰ ਜੈਨ ਨੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ, ਸਾਨੂੰ 14 ਦਿਨਾਂ ਦੀ ਹਿਰਾਸਤ ਦੀ ਲੋੜ ਹੈ, ਕਿਉਂਕਿਇਹ ਦੇਖਣਾ ਹੈ ਕਿ ਹਵਾਲਾ ਰਾਹੀਂ ਆਇਆ ਪੈਸਾ ਸਤਿੰਦਰ ਜੈਨ ਦਾ ਸੀ ਜਾਂ ਕਿਸੇ ਹੋਰ ਦਾ। ਇਸ ਮੌਕੇ ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੇ ਈ ਡੀ ਨੂੰ ਉਸ ਦਾ 9 ਜੂਨ ਤੱਕ ਦਾ ਰਿਮਾਂਡ ਦਿੱਤਾ ਹੈ।
ਦਿੱਲੀ ਦੇ ਸਿਹਤ ਮੰਤਰੀ ਸਤਿੰਦਰ ਜੈਨ ਨੂੰ ਈ ਡੀ ਨੇ ਕੋਲਕ-ਾਤਾ ਦੀ ਇੱਕ ਕੰਪਨੀ ਨਾਲ ਜੁੜੇ ਹਵਾਲਾ ਮਾਮਲੇ ਵਿੱਚ ਬੀਤੇ ਸੋਮਵਾਰ ਗ੍ਰਿਫ਼ਤਾਰ ਕੀਤਾ ਅਤੇ ਕੁਝ ਘੰਟਿਆਂ ਦੀ ਪੁੱਛਗਿੱਛ ਤੋਂ ਬਾਅਦ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਅਪਰਾਧਿਕ ਧਾਰਾਵਾਂ ਹੇਠ ਕਾਰਵਾਈ ਕੀਤੀ ਸੀ।

## ਐੱਨ ਓ ਸੀ ਬਗੈਰ ਰਜਿਸਟਰੀਆਂ ਕਰਦਾ ਲੁਧਿਆਣਾ ਪੂਰਬੀ ਹਲਕੇ ਦਾ ਤਹਿਸੀਲਦਾਰ ਸਸਪੈਂਡ

### * ਹਮਾਇਤ ਵਿੱਚ ਪੰਜਾਬ ਦੇ ਸਾਰੇ ਤਹਿਸੀਲਦਾਰ ਹੜਤਾਲ ਉੱਤੇ




ਲੁਧਿਆਣਾ, 31 ਮਈ, (ਪੋਸਟ ਬਿਊਰੋ)- ਏਥੋਂ ਦੇ ਟਰਾਂਸਪੋਰਟ ਨਗਰ ਵਿੱਚ ਲੁਧਿਆਣਾ ਪੂਰਬੀਦੇ ਸਬ-ਰਜਿਸਟਰਾਰ (ਤਹਿਸੀਲਦਾਰ) ਜੀਵਨ ਕੁਮਾਰ ਗਰਗ ਨੂੰ ਸਰਕਾਰ ਨੇ ਦੇਰ ਰਾਤ ਸਸਪੈਂਡ ਕਰ ਦਿੱਤਾ ਹੈ।
ਮਿਲੀ ਜਾਣਕਾਰੀ ਅਨੁਸਾਰ ਮਾਲ ਵਿਭਾਗ ਨੇ ਲੁਧਿਆਣਾ ਪੂਰਬੀ ਦੇ ਸਬ-ਰਜਿਸਟਰਾਰ ਨੂੰ ਬਿਨਾਂ ਐੱਨ ਓ ਸੀ ਦੇ ਰਜਿਸਟਰੀਆਂ ਕਰਨ ਦਾ ਦੋਸ਼ ਸਾਬਤ ਹੋਣ ਹੋਣ ਪਿੱਛੋਂਸਸਪੈਂਡ ਕੀਤਾ ਹੈ। ਵਰਨਣ ਯੋਗ ਹੈ ਕਿ ਰਾਜ ਸਰਕਾਰ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਐੱਨ ਓ ਸੀ ਤੋਂ ਬਗੈਰ ਰਜਿਸਟਰੀਆਂ ਨਾ ਕਰਨ ਦੇ ਨਿਰਦੇਸ਼ ਦਿੱ ਸਨ। ਸਬ-ਰਜਿਸਟਰਾਰ ਜੀਵਨ ਕੁਮਾਰ ਗਰਗ ਨੇ ਨਿਯਮਾਂ ਨੂੰ ਉਲੰਘ ਕੇ 300 ਤੋਂ ਵੱਧ ਰਜਿਸਟਰੀਆਂ ਐੱਨਓਸੀ ਤੋਂ ਬਿਨਾਂ ਕਰ ਦਿੱਤੀਆਂ ਤਾਂ ਜਾਂਚ ਪਿੱਛੋਂ ਵਿਭਾਗ ਨੇਉਸ ਨੂੰਸਸਪੈਂਡ ਕੀਤਾ ਹੈ।ਲੁਧਿਆਣਾਪੂਰਬੀ ਦੇ ਸਬ-ਰਜਿਸਟਰਾਰ ਅਤੇ ਸਬ-ਰਜਿਸਟਰਾਰਹੁਸ਼ਿਆਰਪੁਰ ਨੂੰ ਪੰਜਾਬ ਸਰਕਾਰ ਵੱਲੋਂਸਸਪੈਂਡ ਕਰਨ ਪਿੱਛੋਂ ਰੋਸ ਵਿੱਚ ਪੰਜਾਬ ਭਰ ਦੇ ਤਹਿਸੀਲਦਾਰ ਹੜਤਾਲ ਉੱਤੇ ਚਲੇ ਗਏ ਹਨ।ਉਨ੍ਹਾਂਵੱਲੋਂ ਹੜਤਾਲ ਉੱਤੇ ਜਾਣ ਨਾਲ ਤਹਿਸੀਲਾਂ ਵਿੱਚ ਰਜਿਸਟਰੀਆਂ ਤੇ ਮਾਲ ਵਿਭਾਗ ਦੇ ਹੋਰ ਕੰਮਾਂ ਲਈ ਆਉਂਦੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਰਾਸ਼ਟਰਪਤੀ ਭਵਨ ਉੱਤੇ ਟ੍ਰੈਕਿੰਗ ਡਿਵਾਈਸ ਨਾਲ ਬਾਜ ਉੱਡਦਾ ਰਿਹਾ

## *ਸੁਰੱਖਿਆ ਏਜੰਸੀਆਂ ਜਾਂਚ ਕਰਨ ਦੇ ਕੰਮ ਰੁੱਝੀਆਂ



ਨਵੀਂ ਦਿੱਲੀ, 31 ਮਈ, (ਪੋਸਟ ਬਿਊਰੋ)- ਭਾਰਤਵਿੱਚ ਸਭ ਤੋਂ ਸੁਰੱਖਿਅਤ ਮੰਨੇ ਜਾਂਦੇ ਰਾਸ਼ਟਰਪਤੀ ਭਵਨ ਦੇ ਉੱਪਰ ਇੱਕ ਟ੍ਰੈਕਿੰਗ ਯੰਤਰ ਨਾਲ ਉੱਡਦੇ ਰਹੇ ਇੱਕ ਬਾਜ ਦੇ ਮਿਲਣ ਪਿੱਛੋਂਹਲਚਲ ਮੱਚ ਗਈ ਹੈ।
ਪਤਾ ਲੱਗਾ ਹੈ ਕਿ ਮੀਂਹ ਪੈਣਪਿੱਛੋਂ ਇਹ ਬਾਜਰਾਸ਼ਟਰਪਤੀ ਭਵਨ ਦੇ ਪਾਰਕ ਵਿੱਚ ਡਿੱਗਾ ਮਿਲਿਆ ਸੀ। ਇਸ ਦੀ ਸੂਚਨਾ ਉੱਤੇਓਥੇਗਈ ਦਿੱਲੀ ਪੁਲਿਸ ਨੇ ਜਾਂਚ ਦੌਰਾਨ ਪਾਇਆ ਕਿ ਬਾਜ ਦੇ ਸਰੀਰ ਵਿੱਚ ਟ੍ਰੈਕਿੰਗ ਡਿਵਾਈਸ ਲੱਗਾਸੀ। ਇਸ ਪਿੱਛੋਂਦਿੱਲੀ ਪੁਲਿਸ ਸਪੈਸ਼ਲ ਸੈੱਲ ਸਮੇਤ ਵੱਖ-ਵੱਖ ਖੁਫੀਆ ਏਜੰਸੀਆਂ ਓਥੇ ਗਈਆਂ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਿਹਾ ਗਿਆ ਹੈ ਕਿਇਹ ਟਰੈਕਿੰਗ ਜੰਤਰ ਮੁੰਬਈ ਦੇ ਜੰਗਲੀ ਜੀਵ ਵਿਭਾਗ ਵੱਲੋਂਲਾਇਆ ਹੋ ਸਕਦਾ ਹੈ।
ਦਿੱਲੀ ਅੱਤਵਾਦੀਆਂ ਦੇ ਨਿਸ਼ਾਨੇ ਉੱਤੇ ਹੋਣ ਕਰ ਕੇ ਰਾਸ਼ਟਰਪਤੀ ਭਵਨਦੇ ਨੇੜੇ ਟ੍ਰੈਕਿੰਗ ਡਿਵਾਈਸ ਨਾਲ ਬਾਜ ਉੱਡਣ ਦੀ ਘਟਨਾ ਨੇ ਸੁਰੱਖਿਆਦੀ ਚਿੰਤਾ ਪੈਦਾ ਕੀਤੀ ਹੈ। ਨਵੰਬਰ 2021 ਵਿੱਚ ਰਾਸ਼ਟਰਪਤੀ ਭਵਨ ਵਿੱਚਇੱਕ ਤੇਜ਼ ਰਫ਼ਤਾਰ ਕਾਰ ਸੁਰੱਖਿਆ ਘੇਰਾ ਤੋੜ ਕੇ ਜਾ ਵੜੀ ਸੀ।ਇਹਸੁਰੱਖਿਆ ਦੀ ਲਾਪਰਵਾਹੀ ਮੰਨੀ ਗਈਸੀ। 17 ਨਵੰਬਰ 2021 ਦੀ ਰਾਤ ਇੱਕ ਆਈ20 ਕਾਰ ਸੁਰੱਖਿਆ ਸਟਾਪ ਚੈਕਿੰਗ ਤੋੜ ਕੇ ਗੇਟ ਨੰਬਰ-35 ਵਿੱ-ਚਜਾ ਵੜੀ ਸੀ। ਇਸ ਪਿੱਛੋਂ 2001 ਵਿੱਚਪਾਰਲੀਮੈਂਟ ਭਵਨ ਉੱਤੇ ਹੋਏ ਅੱਤਵਾਦੀ ਹਮਲੇ ਵਰਗੀ ਘਟਨਾਦੇ ਸ਼ੱਕ ਵਿੱਚ ਕਮਾਂਡੋਜ਼ ਨੇ ਕਾਰ ਦਾ ਪਿੱਛਾ ਕੀਤਾ ਅਤੇ ਜਦੋਂ ਕਾਰ ਗੇਟ ਨੰਬਰ-17 ਤੋਂ ਬਾਹਰ ਨਿਕਲਣ ਲਈ ਮੁੜੀ ਤਾਂ ਉਸ ਨੂੰ ਘੇਰ ਲਿਆ ਸੀ। ਕਾਰ ਵਿੱਚ ਸਵਾਰ ਨੌਜਵਾਨ ਅਤੇ ਲੜਕੀ ਨੂੰ ਸੁਰੱਖਿਆ ਕਰਮਚਾਰੀਆਂ ਨੇ ਪੁਲਿਸ ਦੇ ਹਵਾਲੇ ਕਰ ਦਿੱਤਾ ਸੀ।

# ਸਿੱਧੂ ਮੂਸੇਵਾਲਾ ਦੀ ਮੌਤ ਪਿੱਛੋਂ ਵੀ ਉਸ ਵਿਰੁੱਧ ਚੱਲਦਾ ਕੇਸ ਅਦਾਲਤ ਵਿੱਚ ਚੱਲਦਾ ਰਹੇਗਾ



ਚੰਡੀਗੜ੍ਹ, 31 ਮਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦਾ ਬੀਤੇ ਐਤਵਾਰ ਕਤਲ ਹੋ ਜਾਣ ਪਿੱਛੋਂ ਵੀ ਉਸ ਦੇ ਖਿਲਾਫ ਜ਼ਿਲ੍ਹਾ ਅਦਾਲਤ ਵਿੱਚ-ਚੱਲਦਾ ਕੇਸ ਬੰਦ ਨਹੀਂ ਹੋਵੇਗਾ।
ਇਸ ਸੰਬੰਧ ਵਿੱਚ ਸਿੱਧੂ ਮੂਸੇਵਾਲਾ ਦੇ ਖਿਲਾਫ ਕੇਸ ਕਰਨ ਵਾਲੇ ਵਕੀਲ ਸੁਨੀਲ ਮੱਲ੍ਹਣ ਨੇ ਕਿਹਾ ਕਿ ਮੂਸੇਵਾਲਾ ਨਾਲ ਜੋ ਹੋਇਆ, ਉਸ ਤੋਂ ਉਹ ਵੀ ਦੁਖੀ ਹਨ, ਪਰ ਜਿਹੜਾ ਕੇਸ ਅਦਾਲਤ ਵਿੱਚ ਕੀਤਾ ਹੈ, ਉਹ ਚੱਲਦਾ ਰਹੇਗਾ।ਇਹ ਕੇਸ ਮਿਊਜ਼ਿਕ ਡਾਇਰੈਕਟਰ ਗਗਨਦੀਪ ਸਿੰਘ (ਦ ਕਿਡ) ਦੇ ਨਾਲ ਵੀਡੀਓ ਡਾਇਰੈਕਟਰ ਨਵਕਰਨ ਬਰਾੜ, ਗੋਲਡ ਮੀਡੀਆ ਦੇ ਮਾਲਕ ਅਰਸ਼ਦੀਪ ਸਿੰਘ, ਪਿੰਡ ਮੂਸੇ ਦਾ ਸਰਪੰਚ, ਪੰਚਾਇਤ, ਯੂਟਿਊਬ, ਹੰਗਾਮਾ, ਸਪੋਟੀਫਾਈ, ਗਾਣਾ, ਵਿੰਕ ਮਿਊਜ਼ਿਕਅਤੇ ਆਈਟਿਊਨਜ਼ਵਿਰੁੱਧ ਚੱਲੇਗਾ।ਮੂਸੇਵਾਲਾ ਉੱਤੇਵਕੀਲਾਂ ਦਾ ਅਕਸ ਨੂੰ ਖ਼ਰਾਬ ਕਰਨ ਦੇ ਦੋਸ਼ ਹੇਠਚੰਡੀਗੜ੍ਹ ਜ਼ਿਲ੍ਹਾ ਅਦਾਲਤ ਵਿੱਚ ਇਸ ਸਾਲ ਐਡਵੋਕੇਟ ਮੱਲ੍ਹਣ ਨੇ ਕੇਸ ਕਰ ਕੇਕਿਹਾ ਸੀ ਕਿ ਸਾਲ 2021 ਵਿੱਚਮੂਸੇਵਾਲਾ ਨੇ ਸੰਜੂ ਗਾਣੇ ਵਿੱਚਵਕੀਲਾਂ ਦਾ ਅਪਮਾਨ ਕੀਤਾ ਤੇ ਭੱਦੇ ਕੁਮੈਂਟ ਕੀਤੇ ਸਨ। ਇਸ ਬਾਰੇ ਐਡਵੋਕੇਟ ਮੱਲ੍ਹਣ ਨੇ ਮੂਸੇਵਾਲਾਉੱਤੇ ਕੇਸ ਕੀਤਾ ਸੀ। ਜਦੋਂ ਮੂਸੇਵਾਲਾ ਦੁਨੀਆਂ ਵਿੱਚ ਨਹੀਂ ਰਹੇ ਤਾਂ ਉਨ੍ਹਾਂ ਦਾ ਨਾਂ ਕੇਸ ਵਿੱਚੋਂ ਖੁਦ ਹਟ ਜਾਵੇਗਾ, ਪਰ ਜੋ ਲੋਕ ਸੰਜੂ ਗੀਤ ਨਾਲ ਜੁੜੇ ਹੋਏ ਸਨ, ਉਨ੍ਹਾਂ ਉੱਤੇ ਇਹ ਕੇਸ ਅਦਾਲਤ ਵਿੱਚ ਚੱਲਦਾ ਰਹੇਗਾ।
ਐਡਵੋਕੇਟ ਮੱਲ੍ਹਣ ਨੇ ਕਿਹਾ ਕਿ ਲੜਾਈ ਹੋਣੀ ਚਾਹੀਦੀ ਹੈ, ਪਰਕਾਨੂੰਨੀ ਚਾਹੀਦੀ ਹੈ। ਹੱਥਾਂ ਵਿੱਚ ਹਥਿਆਰ ਲੈ ਕੇ ਲੋਕਾਂ ਨੂੰ ਮਾਰਨਾ ਕੋਈ ਲੜਾਈ ਨਹੀਂ। ਉਨ੍ਹਾਂ ਕਿਹਾ ਕਿਮੂਸੇਵਾਲਾ ਨਾਲ ਜੋ ਹੋਇਆ, ਉਹ ਬਹੁਤ ਗਲਤ ਹੈ ਤੇ ਉਨ੍ਹਾਂ ਦੀ ਮੌਤ ਨਾਲ ਉਹ ਵੀ ਦੁਖੀ ਹਨ।ਇਹੀ ਨਹੀਂ, ਸਿੱਧੂ ਮੂਸੇਵਾਲਾ ਬਰਨਾਲਾ ਜ਼ਿਲ੍ਹੇ ਵਿੱਚ ਏਕੇ-47 ਚਲਾਉਂਦੇਵੀ ਦਿੱਸੇ ਸਨ। ਇਸਦੀ ਵੀਡੀਓ ਵਾਇਰਲ ਹੋਣ ਉੱਤੇ ਪੰਜਾਬ ਪੁਲਸ ਨੇ ਉਨ੍ਹਾਂ ਖਿਲਾਫ ਕੇਸ ਦਰਜ ਕੀਤਾ ਸੀ।ਮੂਸੇਵਾਲਾ ਖਿਲਾਫ ਮਾਨਸਾ ਵਿੱਚ ਫਰਵਰੀ 2020 ਨੂੰ ਗਾਣੇ ਵਿੱਚ ਭੱਦੀ ਸ਼ਬਦਾਵਲੀ ਵਰਤਣ ਬਾਰੇ ਵੀ ਕੇਸ ਦਰਜ ਹੋਇਆ ਸੀ। ਸੰਗਰੂਰ ਜ਼ਿਲ੍ਹੇ ਵਿੱਚ ਵੀ ਉਨ੍ਹਾਂ ਦੇ ਖਿਲਾਫ ਇੱਕ ਕੇਸ ਦਰਜ ਹੋਇਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਵਿਦਿਆਰਥੀ ਆਗੂ ਅਕਸ਼ੈ ਅਤੇ ਕਲਾਕਾਰ ਕਰਤਾਰ ਚੀਮਾ ਦਾ ਤਕਰਾਰ



ਅੰਮ੍ਰਿਤਸਰ, 31 ਮਈ (ਪੋਸਟ ਬਿਊਰੋ)- ਕਾਂਗਰਸ ਨਾਲ ਸੰਬੰਧਤ ਵਿਦਿਆਰਥੀ ਜਥੇਬੰਦੀ ਐਨ ਐਸ ਯੂ ਆਈ ਦੇ ਸੂਬਾ ਪ੍ਰਧਾਨ ਅਕਸ਼ੈ ਸ਼ਰਮਾ ਨੇ ਪੰਜਾਬੀ ਫਿਲਮ ਅਦਾਕਾਰ ਕਰਤਾਰ ਚੀਮਾ ਉੱਤੇ ਦੋਸ਼ ਲਇਆ ਹੈ ਕਿ ਉਸ ਨੇ ਵਿਦੇਸ਼ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਕੋਲੋਂ ਉਸ ਨੂੰ ਧਮਕੀਆਂ ਦਿਵਾਈਆਂ ਸਨ। ਗੋਲਡੀ ਬਰਾੜ ਦਾ ਨਾਂਅ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਨਾਲ ਵੀ ਜੋੜਿਆ ਜਾ ਰਿਹਾ ਹੈ।
ਕੱਲ੍ਹ ਇੱਥੇ ਐਨ ਐਸ ਯੂ ਆਈ ਆਗੂਆਂ ਅਤੇ ਕਲਾਕਾਰ ਕਰਤਾਰ ਚੀਮਾ ਵਿਚਾਲੇ ਤਕਰਾਰ ਤੇ ਹੱਥੋਪਾਈ ਹੋਣ ਤੋਂ ਬਾਅਦ ਇਹ ਮਮਲਾ ਪੁਲਸ ਕੋਲ ਪੁੱਜ ਗਿਆ ਹੈ। ਦੋਵਾਂ ਧਿਰਾਂ ਨੇ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਸ਼ਰਮਾ ਨੇ ਦੋਸ਼ ਲਾਇਆ ਹੈ ਕਿ ਚੀਮਾ ਉਸ ਦੀ ਲਗਭਗ 25 ਲੱਖ ਰੁਪਏਦੀ ਰਕਮ ਵਾਪਸ ਨਹੀਂ ਕਰ ਰਿਹਾ। ਇਸੇ ਸਬੰਧ ਵਿੱਚ ਉਸ ਨੂੰ ਕੈਨੇਡਾ ਰਹਿੰਦੇ ਗੋਲਡੀ ਬਰਾੜ ਤੋਂ ਧਮਕੀਆਂ ਦਿਵਾਈਆਂ ਹਨ। ਉਸ ਨੇ ਇਸ ਦੀ ਇੱਕ ਆਡੀਓ ਰਿਕਾਰਡਿੰਗ ਵੀ ਪੁਲਸ ਨੂੰ ਸੌਂਪੀ ਹੈ। ਵਿਦਿਆਰਥੀ ਆਗੂ ਨੇ ਕਿਹਾ, ''ਜੇ ਮੈਨੂੰ ਜਾਂ ਮੇਰੇ ਪਰਵਾਰ ਨੂੰ ਕੋਈ ਨੁਕਸਾਨ ਹੋਇਆ ਤਾਂ ਉਸ ਲਈ ਕਲਾਕਾਰ ਕਰਤਾਰ ਚੀਮਾ ਜ਼ਿੰਮੇਵਾਰ ਹੋਵੇਗਾ। ਜਦੋਂ ਮੈਂ ਆਪਣੀ ਰਕਮ ਮੰਗੀ ਹੈ ਤਾਂ ਚੀਮੇ ਨੇ ਮੈਨੂੰ ਸਮਾਜ ਵਿਰੋਧੀ ਅਨਸਰਾਂ ਤੋਂ ਧਮਕਾਇਆ ਹੈ।'' ਉਸ ਨੇ ਦੋਸ਼ ਲਾਇਆ ਕਿ ਝਗੜੇ ਦੌਰਾਨ ਕਲਾਕ-ਾਰ ਨੇ ਉਸ ਨੂੰ ਪਿਸਤੌਲ ਦਿਖਾਈ ਹੈ। ਦੂਜੇ ਪਾਸੇ ਕਰਤਾਰ ਚੀਮਾ ਨੇ ਕਿਹਾ ਕਿ ਵਿਦਿਆਰਥੀ ਆਗੂ ਨੇ ਇੱਕ ਫਿਲਮ ਵਿੱਚ ਭਾਈਵਾਲੀ ਉੱਤੇ ਪੰਜ ਲੱਖ ਰੁਪਏ ਨਿਵੇਸ਼ ਕੀਤੇ ਸਨ, ਪਰ ਇਹ ਫਿਲਮ ਸਫਲ ਨਹੀਂ ਹੋਈ ਤੇ ਘਾਟਾ ਪੈਣ ਪਿੱਛੋਂ ਉਹ ਆਪਣੀ ਰਕਮ ਮੰਗ ਰਿਹਾ ਹੈ। ਕਰਤਾਰ ਨੇ ਦੋਸ਼ ਲਾਇਆ ਕਿ ਇਹ ਕਾਰਵਾਈ ਇੱਕ ਸਟੰਟ ਹੈ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਕਸ਼ੈ ਦੀ ਸੁਰੱਖਿਆ ਵਾਪਸ ਲੈ ਲਈ ਹੈ ਅਤੇ ਸੁਰੱਖਿਆ ਕਰਮਚਾਰੀ ਵਾਪਸ ਲੈਣ ਲਈ ਉਸ ਨੇ ਅਜਿਹਾ ਕੀਤਾ ਹੈ। 25 ਲੱਖ ਰੁਪਏ ਦੀ ਰਕਮ ਦੇ ਝਗੜੇ ਨੂੰ ਉਸ ਨੇ ਗਲਤ ਦੱਸਿਆ ਅਤੇ ਕਿਹਾ ਕਿ ਇਸ ਦਾ ਹਿਸਾਬ-ਕਿਤਾਬ ਕੀਤਾ ਜਾ ਸਕਦਾ ਹੈ। ਗੋਲਡੀ ਬਰਾੜ ਦੇ ਨਾਂਅ ਉੱਤੇ ਧਮਕੀਆਂ ਦੇ ਦੋਸ਼ ਨੂੰ ਉਸ ਨੇ ਰੱਦ ਕੀਤਾ ਅਤੇ ਕਿਹਾ ਕਿ ਪੁਲਸ ਆਡੀਓ ਰਿਕਾਰਡਿੰਗ ਦੀ ਜਾਂਚ ਕਰਵਾ ਸਕਦੀ ਹੈ। ਉਸ ਨੇ ਦੋਸ਼ ਲਾਇਆ ਕਿ ਵਿਦਿਆਰਥੀ ਆਗੂ ਨੇ ਉਸ ਉੱਤੇ ਰਿਵਾਲਵਰ ਤਾਣੀ ਸੀ। ਇਸੇ ਕੇਸ ਵਿੱਚ ਉਸ ਨੇ ਪੁਲਸ ਨੂੰ ਦਰਖਾਸਤ ਦੇ ਕੇ ਵਿਦਿਆਰਥੀ ਆਗੂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਹ ਇੱਥੇ ਆਪਣੀ ਇੱਕ ਫਿਲਮ ਦੀ ਸ਼ੂਟਿੰਗ ਲਈ ਆਇਆ ਹੋਇਆ ਸੀ।ਥਾਣਾ ਸਿਵਲ ਲਾਈਨ ਦੇ ਐਸ ਐਚ ਓ ਨੇ ਦੱਸਿਆ ਕਿ ਵਿਦਿਆਰਥੀ ਆਗੂ ਅਕਸ਼ੈ ਸ਼ਰਮਾ ਅਤੇ ਕਲਾਕਾਰ ਕਰਤਾਰ ਚੀਮਾ ਦੀਆਂ ਦਰਖਾਸਤਾਂ ਲੈ ਲਈਆਂ ਹਨ, ਇਨ੍ਹਾਂ ਦੋਵਾਂ ਵਿਚਾਲੇ ਲਾਰੈਂਸ ਰੋਡ ਚੌਕ ਵਿੱਚ ਕੋਈ ਝਗੜਾ ਹੋਇਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਮਹਿੰਗਾਈ ਨੇ ਦੱਬਿਆ ਦਰਮਿਆਨਾ ਵਰਗ



-ਡਾ. ਅਮਨਪ੍ਰੀਤ ਸਿੰਘ ਬਰਾੜ-

ਇਸ ਵੇਲੇ ਮਹਿੰਗਾਈ ਸਿਰ ਚੜ੍ਹ ਕੇ ਬੋਲ ਰਹੀ ਹੈ ਆਮ ਬੰਦੇ ਦਾ ਇਸ ਨੇ ਕਚੂੰਬਰ ਕੱਢਿਆ ਹੋਇਆ ਹੈ। ਹਾਲਾਤ ਇਹ ਹਨ ਕਿ ਦਰਮਿਆਨਾ ਵਰਗ ਜੋ ਨਾਂ ਗਰੀਬਾਂ ਵਿੱਚ ਆਉਂਦਾ ਹੈ ਤਾ ਨਾਂ ਅਮੀਰਾਂ ਵਿੱਚ ਉਸਨੂੰ ਆਪਣਾ ਸਟੇਟਸ (ਰੁਤਬਾ) ਛੱਡਣਾ ਔਖਾ ਲਗਦਾ ਹੈ ਉਦਾਹਰਨ ਦੇ ਤੌਰ ਤੇ ਤਿਉਹਾਰਾਂ ਦੇ ਸੀਜ਼ਨ ਵਿੱਚ ਹਰ ਸੇਵਾਦਾਰ, ਸੜਕ ਦੀ ਸਫਾਈ ਵਾਲਾ, ਸੀਵਰਵਾਲਾ, ਘਰੈਲੂ ਕੰਮ ਕਰਨ ਵਾਲਾ, ਮਰਾਸੀ ਜਾਂ ਹੋਰ ਗਰੀਬ ਬੰਦਾ ਕੋਈ ਪੈਸਾ ਜਾਂ ਗਿਫਟ ਦੀ ਆਸ ਰੱਖਦਾ ਹੈ ਕਿਉਂਕਿ ਪਹਿਲਾਂ ਉਹ ਉਹਨਾਂ ਦੀ ਇਸ ਉਮੀਦ ਤੇ ਫੁੱਲ ਚੜਾਉਂਦਾ ਰਿਹਾ ਹੈ ਪਰ ਹੁਣ ਉਸ ਦੀ ਜੇਬ ਸਾਥ ਨਹੀ ਦਿੰਦੀ ਅਤੇ ਉਹ ਨਾਂਹ ਕਰਨ ਜਾਂ ਪਹਿਲਾਂ ਨਾਲੋਂ ਘੱਟ ਕਰਨ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਅਗਰ ਉਹ ਘੱਟ ਦਿੰਦਾ ਹੈ ਤਾਂ ਅੱਗੇ ਲੈਣ ਵਾਲੇ ਦੀ ਸ਼ਕਲ ਦੇਖ ਕੇ ਉਹ ਖੁਦ ਨੂੰ ਕੋਸਦਾ ਹੈ ਅਤੇ ਇਹ ਉਸ ਲਈ ਇੱਕ ਵੱਡਾ ਮਾਨਸਿਕ ਤਨਾਅ ਦਾ ਕਾਰਨ ਬਣ ਰਿਹਾ ਹੈ ਜਿਸ ਦੇ ਫਲਸਰੂਪ ਉਸਨੂੰ ਬਲੱਡ ਪਰੈਸ਼ਰ ਅਤੇ ਗੈਸਟਰਾਈਟਸ ਵਰਗੀਆਂ ਬੀਮਾਰੀਆਂ ਲੱਗ ਰਹੀਆਂ ਹਨ। ਇਸ ਦਾ ਪ੍ਰਮਾਣ ਮਿਲਦਾ ਹੈ ਗੈਸਟਰੋ ਅਤੇ ਕਾਰਡਿਕ ਦੇ ਡਾਕਟਰਾਂ ਦੇ ਕਲੀਨਿਕਾਂ ਵਿੱਚ ਜਿਥੇ ਜ਼ਿਆਦਾਤਰ ਮੱਧ ਵਰਗ ਦੇ ਮਰੀਜ਼ ਹੀ ਬੈਠੇ ਹਨ, ਕਿਉਂਕਿ ਦੋ ਦੋ ਘੰਟੇ ਦੀ ਵੇਟਿੰਗ ਵਿੱਚ ਪੇਟ ਦਾ ਤੇਜ਼ਾਬ ਹੋਰ ਵੱਧਦਾ ਹੈ ਉਸ ਤੋ ਬਾਅਦ ਜਦੋਂ ਡਾਕਟਰ ਦੇਖਦਾ ਹੈ ਉਹ ਮਰੀਜ਼ ਦੀ ਗੱਲ ਸੁਣਨ ਨਾਲੋਂ ਅਤੇ ਉਸ ਨੂੰ ਬਿਮਾਰੀ ਦਾ ਇਲਾਜ ਦੱਸਣ ਨਾਲੋ ਟੈਸਟ ਲਿਖਣ ਵਿੱਚ ਵਧੇਰੇ ਯਕੀਨ ਰੱਖਦਾ ਹੈ। ਉਹ 800 ਰੁਪਏ ਵਿੱਚ ਕਨਸਲਟੇਸ਼ਨ ਨਹੀਂ ਦਿੰਦਾ ਬਲਕਿ ਟੈਸਟਾਂ ਦੀ ਅਤੇ ਦਵਾਈਆਂ ਦੀਪ੍ਰਿਸਕ੍ਰਿਪਸ਼ਨ (ਪਰਚੀ) ਦਿੰਦਾ ਹੈ। ਕਹਿਣ ਦਾ ਭਾਵ ਹੈ ਕਿ 7000-8000 ਰੁਪਏ ਖਰਚ ਕੇ ਜਿਹੜੀ ਬੀਮਾਰੀ ਦਾ ਇਲਾਜ ਕਰਵਾਉਣ ਗਿਆ ਸੀ ਉਹ ਹੋਰ ਮੁੱਲ ਲੈ ਆਇਆ ਕਿਉਂਕਿ ਬੀਮਾਰੀ ਦੀ ਅਸਲ ਜੜ੍ਹ ਤਾਂ ਪੈਸੇ ਦੀ ਘਾਟ ਹੀ ਸੀ।

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਮਹਿੰਗਾਈ ਦੀ ਮਾਰ ਰੋਜ਼ ਮਰਾਂ ਦੀਆਂ ਜਰੂਰਤਾਂ ਤੇ ਜਿਆਦਾ ਪੈ ਰਹੀ ਹੈ ਜਿਵੇਂ ਰਾਸ਼ਣ ਜਿਸ ਵਿੱਚ ਦਾਲਾਂ, ਤੇਲ ਹੋਰ ਖਾਣ ਦੀਆਂ ਵਸਤੂਆਂ ਆਉਂਦੀਆਂ ਹਨ, ਇਸ ਤੋਂ ਇਲਾਵਾ ਦਵਾਈਆਂ, ਰਸੋਈ ਗੈਸ, ਪੈਟਰੋਲ, ਡੀਜ਼ਲ, ਜੋ ਸਾਡੀ ਸਭ ਦੀ ਮੁੱਢਲੀ ਜਰੂਰਤ ਹੈ ਇਹਨਾਂ ਬਿਨਾਂ ਮਨੁੱਖ ਦਾ ਸਰਦਾ ਨਹੀ ਇਸ ਤੋ ਇਲਾਵਾ ਹੋਰ ਖਰਚੇ ਹਨ ਬਿਜਲੀ ਦਾ ਬਿੱਲ ਅਤੇ ਬੱਚਿਆਂ ਦੀ ਫੀਸ। ਇਹ ਸਭ ਖਰਚੇ ਦਿਨ ਬਦਿਨ ਵਧਦੇ ਜਾ ਰਹੇ ਹਨ। ਜਦਕਿ ਆਮਦਨ ਜਾਂ ਉਥੇ ਹੀ ਖੜੀ ਹੈ ਜਾਂ ਘੱਟ ਰਹੀ ਹੈ। ਇਸ ਵੇਲੇ ਪੈਸੇ ਦੀ ਖਰੀਦ ਕੀਮਤ ਲਗਾਤਾਰ ਘੱਟ ਰਹੀ ਹੈ। ਇਸ ਵਰਗ ਵਿੱਚ ਬਹੁਤੇ ਲੋਕ ਨੌਕਰੀ ਪੇਸ਼ਾ, ਛੋਟੇ ਦੁਕਾਨਦਾਰ ਅਤੇ ਕਿਸਾਨ ਆਉਂਦੇ ਹਨ। ਅੱਜ ਦੇ ਹਾਲਾਤ ਵਿੱਚ ਇਹਨਾਂ ਮੁੱਢਲੀਆਂ ਚੀਜ਼ਾਂ ਨੂੰ ਪੂਰਾ ਕਰਨਾ ਬੜਾ ਮੁਸ਼ਕਿਲ ਹੋ ਰਿਹਾ ਹੈ।ਅਪ੍ਰੈਲ 2022 ਮਹੀਨੇ ਦੀ ਰੀਟੇਲ ਮਹਿੰਗਾਈ ਦਰ 7.79% ਤੇ ਪਹੁੰਚ ਚੁੱਕੀ ਹੈ ਜਦਕਿ ਆਰ ਬੀ ਆਈ ਦਾ ਖਪਤਕਾਰ ਪ੍ਰਾਈਮ ਇੰਡੈਕਸ ਦੀ ਉਤਲੀ ਲਿਮਟ 6.5 ਪ੍ਰਤੀਸ਼ਤ ਸੀ ਯਾਨੀ ਕਿ ਪਹਿਲੀ ਖਤਰੇ ਦੀ ਘੰਟੀ ਵੱਜੀ ਸੀ ਜਨਵਰੀ 2022 ਜਦੋਂ ਇਹ 6.01 ਪ੍ਰਤੀਸ਼ਤ ਹੋਈ ਸੀ, ਪਰ ਆਰ ਬੀ ਆਈ ਵਲੋਂ ਕੋਈ ਗੌਰ ਨਹੀ ਕੀਤਾ ਗਿਆ। ਅਤੇ ਇਹ ਹਰ ਮਹੀਨੇ ਵੱਧਦੀ ਗਈ। ਇਸ ਮਹੀਨੇ ਯਾਨੀ ਅਪ੍ਰੈਲ ਅਖੀਰ ਤੇ ਮਈ 2022 ਵਿੱਚ ਆਰ ਬੀ ਆਈ ਨੇ ਇਸ ਨੂੰ ਰੋਕਣ ਲਈ ਵਿਆਜ ਦਰਾਂ ਵਿੱਚ ਵਾਧਾ ਕੀਤਾ ਹੈ, ਜਿਸ ਨਾਲ ਘਰ ਬਣਾਉਣ



ਲਈ ਜਾਂ ਕਾਰਾਂ ਖਰੀਦਣ ਲਈ ਕਰਜ਼ੇ ਮਹਿੰਗੇ ਹੋਏ ਹਨ। ਪਰ ਇਥੇ ਮੁੱਖ ਸਵਾਲ ਤਾਂ ਇਹ ਹੈ ਕਿ ਖਾਣ ਪੀਣ ਦੀਆਂ ਵਸਤੂਆਂ ਜਿਆਦਾ ਮਹਿੰਗੀਆਂ ਹੋ ਰਹੀਆ ਹਨ, ਜਿਵੇਂ ਅਜੇ ਤਾਂ ਨਵੀਂ ਕਣਕ ਆਈ ਹੈ ਪਰ ਜਿਹੜਾ ਆਟਾ ਲੁਧਿਆਣੇ ਸ਼ਹਿਰ ਵਿੱਚ ਅਪ੍ਰੈਲ 2022 ਵਿੱਚ 32 ਰੁਪਏ ਕਿਲੋ ਸੀ ਉਹ ਅੱਜ 36 ਰੁਪਏ ਹੋ ਗਿਆ।

ਇਸੇ ਤਰ੍ਹਾਂ ਇਹ ਮਹਾਨਗਰਾਂ ਵਿੱਚ 50 ਰੁਪਏ ਕਿਲੋ ਤੱਕ ਪਹੁੰਚ ਚੁੱਕਾ ਹੈ। ਇਸੇ ਲਈ ਸਰਕਾਰ ਨੇ ਕਣਕ ਦੀ ਨਿਰਯਾਤ ਤੇ ਰੋਕ ਲਗਾ ਦਿਤੀ ਹੈ ਅਤੇ ਪੰਜਾਬ ਹਰਿਆਣੇ ਵਿੱਚ ਮੰਡੀਆਂ ਵੀ 31 ਮਈ ਤੱਕ ਖੋਲ੍ਹਣ ਦਾ ਇਲਾਨ ਵੀ ਕਰ ਦਿੱਤਾ ਹੈ। ਇਥੋਂ ਤੱਕ ਕਿ ਕਣਕ ਦੇ ਸੁੰਘੜੇ ਦਾਣਿਆਂ ਤੇ ਵੀ ਕੋਈ ਕਾਟ ਨਹੀ ਲੱਗੇਗੀ। ਪਰ ਹਾਲਤ ਇਹ ਹਨ ਕਿ 90 ਤੋਂ 95% ਕਿਸਾਨਾਂ ਕੋਲ ਇਸ ਵੇਲੇ ਕਣਕ ਹੈ ਹੀ ਨਹੀ ਹੈ ਜੇ ਹੈ ਤਾਂ ਉਹ ਵਪਾਰੀ ਜਾਂ ਆੜ੍ਹਤੀਆਂ ਕੋਲ ਹੈ ਜਾਂ ਕੁੱਝ ਵੱਡੇ ਘਰ ਹੋ ਸਕਦੇ ਹਨ ਜਿੰਨਾਂ ਕੋਲ ਆਪਣਾ ਸਟੋਰੇਜ ਦਾ ਸਾਧਨ ਹੈ। ਸਰਕਾਰ ਨੇ ਬਰਾਮਦ ਤੇ ਬੈਨ ਤਾਂ ਲਗਾਇਆ ਹੈ ਪਰ ਨਾਲ ਇਹ ਵੀ ਕਿਹਾ ਹੈ ਕਿ ਜੇ ਕੋਈ ਦੇਸ਼ ਉਹਨਾਂ ਤੋਂ ਮੰਗੇਗਾ ਤਾਂ ਉਸਨੂੰ ਸਰਕਾਰ ਦੇਵੇਗੀ। ਇਸ ਵੇਲੇ ਕਣਕ ਦਾ ਅੰਤਰਰਾਸ਼ਟਰੀ ਭਾਅ 3600 ਰੁਪਏ ਪ੍ਰਤੀ ਕੁਇੰਟਲ ਹੈ ਹੁਣ ਸ਼ਾਇਦ ਸਾਡੇ ਕੁੱਝ ਅਰਥਸ਼ਾਸਤਰੀਆਂ ਨੂੰ ਸਮਝ ਆ ਜਾਵੇ ਕਿ ਜਿਸਦੀ ਕੋਠੀ ਦਾਣੇ ਉਸਦੇ ਕਮਲੇ ਵੀ ਸਿਆਣੇ ਨਾਲ ਹੀ ਸਾਡੇ ਸਮਾਜ ਦੇ ਉਹ ਲੋਕ ਜਿਹੜੇ ਬਿਨਾਂ ਸੋਚੇ ਸਮਝੇ ਇਹਨਾਂ ਦੇ ਮਗਰ ਲੱਗ ਜਾਂਦੇ ਹਨ। ਖੈਰ ਇਹ ਇੱਕਲੀ ਕਣਕ ਹੀ ਨਹੀਂ ਇਸ ਵਿੱਚ ਖਾਣ ਵਾਲੇ ਤੇਲ, ਸਬਜੀਆਂ, ਦਾਲਾਂ ਆਦਿ ਸਭ ਚੀਜ਼ਾਂ ਦੀ ਮਹਿੰਗਾਈ ਵਿੱਚ ਇਜਾਫਾ ਹੋਇਆ ਹੈ। ਇਸ ਦੇ ਨਾਲ ਹੀ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਵੀ ਮਹਿੰਗੇ ਹੋਏ ਹਨ, ਸਲੈਂਡਰ ਗੈਸ ਅੱਜ 1000 ਤੋ ਉਪਰ ਚਲਾ ਗਿਆ ਹੈ।

ਇਸ ਦੇ ਮੁੱਖ ਕਾਰਨ ਹਨ ਪ੍ਰਾਈਵੇਟ ਨੌਕਰੀਆਂ ਘੱਟ ਗਈਆਂ ਜਾਂ ਤਨਖਾਹਾਂ ਵਧੀਆ ਨਹੀਂ, ਜਿਸ ਕਾਰਨ ਆਮ ਲੋਕਾਂ ਦੀ ਖਰੀਦ ਸ਼ਕਤੀ ਘੱਟ ਰਹੀ ਹੈ। ਜਦੋਂ ਲੋਕਾਂ ਦੇ ਹੱਥ ਪੈਸਾ ਹੀ ਨਹੀਂ ਹੋਊਗਾ ਤਾਂ ਫਿਰ ਖਰੀਦ ਸ਼ਕਤੀ ਕਿਸ ਤਰੀਕੇ ਦੀ ਹੋਵੇਗੀ। ਅਗਰ ਸਰਕਾਰੀ ਅੰਕੜੇ ਦੇਖੀਏ ਤਾਂ ਲੱਗਦਾ ਹੈ ਕਿ ਸਾਡਾ ਦੇਸ਼ ਵਾਪਿਸ ਲੀਹ ਤੇ ਆ ਰਿਹਾ ਹੈ। ਸਰਕਾਰ ਜੀ ਐਸ ਟੀ ਦੀ ਕੁਲੈਕਸ਼ਨ (ਸੰਗ੍ਰਹਿ) ਨੂੰ ਇੰਡੈਕਸ ਮੰਨਦੀ ਹੈ ਅਤੇ ਉੱਧਰ ਜੀ ਡੀ ਪੀ ਦਾ ਲੋਕਾਂ ਦੀ ਆਮਦਨ ਤੇ ਕੋਈ ਅਸਰ ਨਹੀਂਦਿਖਾਈ ਦਿੰਦਾ। ਅਸਲ ਵਿੱਚ ਸਰਕਾਰ ਨੇ ਜੀ ਡੀ ਪੀ ਦੇ ਮੁਲਾਂਕਣ ਦਾ ਤਰੀਕਾ ਹੀ ਬਦਲ ਦਿੱਤਾ ਇਸ ਨੂੰ ਲੋਅ ਬੈਸ ਲੈ ਕੇ ਪਿਛਲੇ ਸਾਲ ਦੀ -23.7% ਵਾਲੀ ਜੀ ਡੀ ਪੀ ਨਾਲ ਮੁਲਆਂਕਣ ਕੀਤਾ ਗਿਆ। ਪਰ ਜਦੋਂ ਅੱਜ ਦੀ 2019 ਨਾਲ ਤੁਲਨਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਅਜੇ ਮਾਇਨਸ ਵਿੱਚ ਹਾਂ। ਪਰ ਇਸ ਵਿੱਚ ਇਕ ਚੀਜ਼ ਦੇਖਣ ਨੂੰ ਜਰੂਰ ਮਿਲਦੀ ਹੈ ਕਿ ਵੱਡੇ ਘਰਾਣਿਆਂ ਦੀ ਆਮਦਨ ਵਿੱਚ ਵਾਧਾ ਜਰੂਰ ਹੋਇਆ ਜੋ ਤਕਰੀਬਨ 30 ਤੋਂ 35% ਦਾ ਹੈ। ਇਸ ਤੋ ਉਪਰ ਸਰਕਾਰ ਨੇ ਇਕ ਹੋਰ ਤੋਹਫਾ ਦਿੱਤਾ ਹੈ ਕੱਪੜਿਆ ਤੇ ਜੁੱਤੀਆਂ ਤੇ ਜੀ ਐਸ ਟੀ 5% ਤੋਂ 12% ਕਰਕੇ। ਇਸ ਵਿੱਚ ਫਿਰ ਵੱਡਾ ਝਟਕਾ ਮੱਧ ਵਰਗ ਨੂੰ ਲੱਗਣਾ ਹੈ ਕਿਉਂਕਿ ਹੁਣ 1000 ਰੁਪਏ ਵਾਲੇ ਜੁਤੇ ਤੇ 7% ਨਾਲ ਜੀ ਐਸ ਟੀ ਦਾ ਵਾਧਾ ਕੀਤਾ ਗਿਆ ਹੈ।

ਇਸ ਵਿੱਚ ਇਕ ਹੋਰ ਚਿੰਤਾ ਦਾ ਵਿਸ਼ਾ ਨਜ਼ਰ ਆ ਰਿਹਾ ਹੈ ਕਿ ਮੱਧ ਵਰਗ ਦੀ ਆਮਦਨ ਨੂੰ ਹੋਰ ਛੋਟੀਆਂ ਬੱਚਤਾਂ ਸਹਾਰਾ ਲਾਉਂਦੀਆਂ ਸੀ। ਜਦੋਂ ਛੋਟੇ ਸੀ ਅਕਸਰ ਟੀ.ਵੀ ਤੇ ਵਿਗਿਆ-ਪਣ ਚਲਦਾ ਹੁੰਦਾ ਸੀ "ਛੋਟੀ ਬੱਚਤ ਵੱਡੀ ਕਮਾਈ ਡਾਕਖਾਨਿਆਂ ਵਿੱਚ ਮਿਲੇ ਮੇਰੇ ਭਾਈ" ਉਸ ਵੇਲੇ ਬੈਂਕਾਂ ਤੇ ਡਾਕਖਾਨਿਆਂ ਵਿੱਚ ਮੱਧ ਵਰਗ ਪੈਸਾ ਰੱਖਣਾ ਪੰਸਦ ਕਰਦਾ ਸੀ ਕਿਉਂਕਿ ਇਹ ਇੱਕ ਸੇਫ ਕਮਾਈ ਦਾ ਜ਼ਰੀਆ ਹੈ ਜਿਸ ਨਾਲ ਮੱਧ ਵਰਗ ਪੈਸਾ ਜੋੜ ਕਿ ਹੋਲੀ ਹੋਲੀ ਆਪਣੀਆਂ ਖੁਆਇਸ਼ਾਂ ਨੂੰ ਪੂਰਾ ਕਰਦਾ ਸੀ। ਉਸ ਸਮੇਂ ਵਿਆਜ ਦਰ ਬਚਤ ਖਾਤੇ ਤੇ 4% ਸੀ ਅਤੇ ਫਿਕਸਡ ਡੀਪੋਸਿਟ ਤੇ 8 ਤੋਂ 11 ਪ੍ਰਤੀਸ਼ਤ ਵਿਆਜ ਮਿਲਦਾ ਸੀ। ਯਾਨੀ ਕਿ ਲੱਖ ਮਗਰ 8000 ਤੋਂ 11000 ਰੁਪਏ ਵਿਆਜ ਆ ਜਾਂਦਾ ਸੀ। ਅੱਜ ਹਾਲਾਤ ਇਹ ਹਨ ਕਿ ਬੱਚਤ ਖਾਤੇ ਵਿੱਚ ਵਿਆਜ ਦਰ 2.7% ਤੇ ਰਹਿ ਗਈ ਜਦਕਿ ਫਿਕਸਡ ਡਿਪਾਜਿਟ ਤੇ 4.75% ਤੇ ਹੈ ਜਿਸ ਵਿੱਚ 10% ਟੀ ਡੀ ਐਸ ਵੀ ਕੱਟਿਆ ਜਾਂਦਾ ਹੈ। ਯਾਨੀ ਕਿ ਮਿਲਣ ਵਾਲੀ ਰਕਮ 4.25% ਦੇ ਹਿਸਾਬ ਨਾਲ ਹੋਏਗੀ, ਜਦਕਿ ਸਾਡੀ ਮਹਿੰਗਾਈ ਦਰ 7% ਤੋਂ 8% ਦੇ ਵਿੱਚ ਰਹਿੰਦੀ ਹੈ। ਇਸ ਦਾ ਮਤਲਬ ਜੇ ਤੁਸੀਂ ਬੈਂਕ ਵਿੱਚ 100 ਰੁਪਏ ਰੱਖੇ ਤਾਂ ਸਾਲ ਬਾਅਦ ਉਹ 97 ਰੁਪਏ ਰਹਿ ਜਾਣਗੇ ਯਾਨੀ ਬੈਂਕ ਵਿੱਚ ਪਏ ਦੀ ਵੀ ਕੀਮਤ ਘੱਟਦੀ ਹੈ।

ਪੁਰਾਣੇ ਸਮੇਂ ਵਿੱਚ ਅਕਸਰ ਦੇਖਣ ਨੂੰ ਮਿਲਦਾ ਸੀ ਕਿ ਕੁੱਝ ਪੈਸੇ ਜੋੜ ਕੇ ਮੱਧ ਵਰਗ ਕੋਈ ਸੋਨੇ ਦੀ ਚੀਜ਼ ਬਣਾ ਲੈਂਦੇ ਸੀ ਪਰ ਅੱਜ ਸੋਨੇ ਦੇ ਭਾਅ ਇਤਨੇ ਵੱਧ ਗਏ ਹਨ ਕਿ ਆਮ ਬੰਦੇ ਦੀ ਪਹੁੰਚ ਤੋਂ ਵੀ ਬਾਹਰ ਹੋ ਗਿਆ ਹੈ। ਜਿਹੜੇ ਲੋਕ ਥੋੜੀ ਪੂੰਜੀ ਹੋਣ ਕਾਰਣ ਪ੍ਰਾਪਰਟੀ ਨਹੀ ਖਰੀਦ ਪਾਉਂਦੇ ਸੀ ਉਹ ਥੋੜੇ ਪੈਸਿਆਂ ਵਿੱਚ ਸੋਨਾ ਖਰੀਦ ਲੈਂਦੇ ਸੀ। ਇਸ ਲਈ ਸੋਨੇ ਨੂੰ ਮੁਸ਼ਕਿਲ ਦਾ ਸਾਥੀ ਵੀ ਮੰਨਿਆ ਗਿਆ ਹੈ। ਜਦੋਂ ਲੋੜ ਪੈਂਦੀ ਤਾਂ ਇਸ ਸੋਨੇ ਨੂੰ ਵੇਚ ਕੇ ਲੋਕ ਆਪਣਾ ਅਰਥਾ ਸਾਰ ਲੈਂਦੇ ਸੀ। ਜਿਵੇਂ ਬੱਚਿਆਂ ਦੀ ਪੜ੍ਹਾਈ, ਵਿਆਹ ਜਾਂ ਫਿਰ ਹੋਰ ਜਰੂਰਤ। ਇਹ ਆਮ ਲੋਕਾਂ ਦੀ ਪ੍ਰਾਪ੍ਰਟੀ ਸੀ। ਇਸ ਵਿੱਚ ਨਿਵੇਸ਼ ਦਾ ਮਤਲਬ ਤੁਸੀ ਛੋਟੀ ਜਿਹੀ ਪ੍ਰਾਪ੍ਰਟੀ ਖਰੀਦ ਰਹੇ ਹੋ। ਪਰ ਇਸ ਵੇਲੇ ਹਾਲਤ ਇਹ ਹਨ ਕਿ ਆਮ ਬੰਦੇ ਦਾ ਇਹ ਸਾਥੀ ਢਿੱਡ ਭਰਨ ਲਈ ਹੀ ਵਿੱਕ ਰਿਹਾ। ਪਿਛਲੇ ਸਾਲ ਤੋ ਖਾਸ ਕਰਕੇ ਜਦੋਂ ਲੋਕ ਡਾਊਨ ਹੋ ਗਿਆ ਤਾਂ ਇਹ ਹੀ ਸਾਥੀ ਮੱਧ ਵਰਗ ਦੇਕੰਮ ਆਇਆ।ਅੱਜ ਦੋ ਸਾਲ ਬਾਅਦ ਹਾਲਾਤ ਇਹ ਹਨ ਕਿ ਖੁਦਕੁਸ਼ੀਆਂ ਦਾ ਅੰਕੜਾ ਉਪਰ ਜਾ ਰਿਹਾ ਹੈ ਜੋ ਕੁੱਝ ਸਮੇਂ ਪਹਿਲਾਂ ਤਕ ਪੇਂਡੂ ਖੇਤਰ ਵਿੱਚ ਸੀਮਤ ਸੀ ਅੱਜ ਉਹ ਸ਼ਹਿਰੀ ਖੇਤਰ ਵਿੱਚ ਵੀ ਪਹੁੰਚ ਚੁੱਕਾ ਹੈ।ਇਹਨਾਂ ਵਿੱਚ ਖਾਸ ਕਰਕੇ ਵਿਦਿਆਰਥੀ ਵਰਗ ਅਤੇ ਛੋਟੇ ਵਪਾਰੀ ਸ਼ਾਮਲ ਹਨ।

ਇਸ ਸਭ ਲਈ ਕਿਤੇ ਨਾ ਕਿਤੇ ਅਸੀਂ ਆਪ ਹੀ ਜਿੰਮੇਵਾਰ ਹਾਂ ਕਿਉਂਕਿ ਮੱਧ ਵਰਗ ਦਾ ਇਕ ਰਵੱਈਆ ਬਣ ਚੁੱਕਾ ਹੈ ਕਿ ਇਹ ਸਿਰਫ ਚਾਹ ਤੇ ਚਰਚਾ ਕਰ ਸਕਦੇ ਨੇ ਅਤੇ ਅੰਤ ਵਿੱਚ ਇਹ ਕਹਿ ਦਿੰਦੇ ਨੇ ਇੱਥੇ ਕੋਈ ਉਮੀਦ ਨਹੀ। ਦਰਅਸਲ ਇਹ ਉਹ ਲੋਕ ਹਨ ਜੋ ਕਦੇ ਇੱਕਠੇ ਨਹੀ ਹੋ ਸਕਦੇ ਸਾਡੇ ਦੇਸ਼ ਦੇ ਵਿੱਚ ਰਾਜਨੇਤਾਵਾਂ ਤੋਂ ਕੋਈ ਸਹੂਲਤ ਲੈਣ ਵਾਸਤੇ ਇੱਕਠ ਦੀ ਜਰੂਰਤ ਪੈਂਦੀ ਹੈ। ਜੋ ਗੱਲ ਰਾਜ ਨੇਤਾ ਚੰਗੀ ਤਰ੍ਹਾਂ ਸਮਝਦੇ ਹਨ ਇਸੇ ਕਰਕੇ ਇਹਨਾਂ ਵਲੋਂ ਮੱਧ ਵਰਗ ਲਈ ਕਿਸੇ ਭਾਸ਼ਣ ਤੇ ਐਲਾਨ ਵਿੱਚ ਕੋਈ ਜ਼ਿਕਰ ਨਹੀਂ।ਵੋਟਾਂ ਵੇਲੇ ਦੇਸ਼ ਦੀ ਇਸ 20-25 ਪ੍ਰਤੀਸਤ ਅਬਾਦੀ ਨੂੰ ਬਾਹਰ ਨਿਕਲਣਾ ਚਾਹੀਦਾ ਹੈ ਇੱਕਠੇ ਹੋ ਕਿ ਜ਼ੋਰ ਲਗਾਉਣਾ ਚਾਹੀਦਾ ਹੈ ਕਿ ਮੋਨੀਟਾਜੇਸ਼ਨ ਪਾਲਿਸੀ ਬਦਲੀ ਜਾਵੇ ਸਰਕਾਰੀ ਸੰਸਥਾਵਾਂ ਅਦਾਰੇ ਅਤੇ ਜਗ੍ਹਾਂ ਵੇਚੀਆ ਨਾ ਜਾਣ ਤਾਂ ਕਿ ਸਰਕਾਰੀ ਨੌਕਰੀਆਂ ਬਰਕਰਾਰ ਰਹਿਣ ਜਿਸ ਵਿੱਚ ਮੱਧ ਵਰਗ ਦਾ ਕਾਫੀ ਹਿੱਸਾ ਹੈ।

96537-90000

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਆਪਰੇਸ਼ਨ ਦੇ ਬਾਅਦ ਡਾਕਟਰ ਤੇ ਪ੍ਰੀਖਿਆ ਦੇ ਬਾਅਦ ਸਟੂਡੈਂਟ ਦਾ ਇੱਕੋ ਜਵਾਬ ਹੁੰਦਾ ਹੈ, "ਕੁਝ ਕਹਿ ਨਹੀਂ ਸਕਦੇ, ਬੱਸ ਦੁਆ ਕਰੋ।"

*******

ਪ੍ਰਵੀਨ, "ਕਿੰਨਾ ਵਧੀਆ ਮੌਸਮ ਹੈ ਚਲੋ ਕਿਤੇ ਲਾਂਗ ਡਰਾਈਵ ਉੱਤੇ ਚੱਲਦੇ ਹਾਂ।"

ਸ਼ਾਮ, "ਠੀਕ ਹੈ ਚਲਦੇ ਹਾਂ, ਪਰ ਅੱਜ ਪੈਟਰੋਲ ਤੂੰ ਪਵਾ ਦੇਵੀਂ।"

ਪ੍ਰਵੀਨ, "ਛੱਡ ਯਾਰ, ਕੀ ਕਰਾਂਗੇ ਬਾਹਰ ਜਾ ਕੇ। ਚੱਲ ਇੱਥੇ ਹੀ ਪਕੌੜੇ ਖਾਂਦੇ ਹਾਂ।"

*******

ਨੱਬੇ ਸਾਲ ਦੇ ਦਾਦਾ ਜੀ ਮੌਤ ਦੇ ਬਾਅਦ ਸਵਰਗ ਪਹੁੰਚੇ। ਸਵਰਗ ਵਿੱਚ ਪਰੀਆਂ ਦਾ ਨਾਚ ਦੇਖ ਕੇ ਦਾਦਾ ਜੀ ਜ਼ੋਰ-ਜ਼ੋਰ ਦੀ ਰੋਂਦੇ ਹੋਏ ਬੋਲੇ, "ਯੋਗਾ ਦੇ ਚੱਕਰ ਵਿੱਚ ਨਾ ਪੈਂਦਾ ਤਾਂ ਕਦੋਂ ਦਾ ਇੱਥੇ ਪਹੁੰਚ ਗਿਆ ਹੁੰਦਾ।"

*******

ਪਤੀ, "ਰੱਬ ਨੇ ਤੈਨੂੰ ਇੰਨੀ ਸੁੰਦਰ ਬਣਾਉਣ ਦੇ ਬਾਅਦ ਵੀ ਇੰਨੀ ਮੂਰਖ ਕਿਉਂ ਬਣਾਇਆ?"

ਪਤਨੀ, "ਸਾਨੂੰ ਦੋਵਾਂ ਨੂੰ ਮਿਲਾਉਣ ਲਈ।"

ਪਤੀ, "ਉਹ ਕਿਵੇਂ?"

ਪਤਨੀ, "ਮੈਂ ਸੁੰਦਰ ਸੀ, ਇਸ ਲਈ ਤੁਸੀਂ ਮੇਰੇ ਵੱਲ ਆਕਰਸ਼ਿਤ ਹੋ ਗਏ ਤੇ ਮੈਂ ਮੂਰਖ ਸੀ ਇਸ ਲਈ ਤੁਹਾਡੇ ਨਾਲ ਵਿਆਹ ਕਰਵਾ ਲਿਆ।"

# ਪੱਖੀ ਘੁੰਗਰੂਆਂ ਵਾਲੀ...

-ਬਹਾਦਰ ਸਿੰਘ ਗੋਸਲ

ਭਾਰਤ ਅਜਿਹਾ ਦੇਸ਼ ਹੈ ਜਿੱਥੇ ਕਈ ਤਰ੍ਹਾਂ ਦੇ ਮੌਸਮ ਦੇਖਣ ਨੂੰ ਮਿਲਦੇ ਹਨ, ਪਰ ਕਈ ਵਾਰ ਸਰਦੀ ਵੀ ਅੰਤਾਂ ਦੀ ਹੁੰਦੀ ਹੈ ਅਤੇ ਗਰਮੀ ਵੀ ਅੰਤਾਂ ਦੀ ਹੀ ਪੈਂਦੀ ਹੈ। ਪਿਛਲੇ ਸਮਿਆਂ ਵਿੱਚ ਸਰਦੀ ਦੇ ਦਿਨਾਂ ਵਿੱਚ ਮਨੁੱਖ ਠੰਢ ਤੋਂ ਬਚਣ ਲਈ ਅੱਗ, ਰਜਾਈ ਜਾਂ ਗਰਮ ਕੱਪੜਿਆਂ ਦਾ ਸਹਾਰਾ ਲੈਂਦਾ ਸੀ ਤੇ ਗਰਮੀ ਤੋਂ ਬਚਣ ਲਈ ਉਸ ਨੂੰ ਕੁਦਰਤੀ ਹਵਾ ਜਾਂ ਹੱਥ ਪੱਖੀਆਂ ਦਾ ਸਹਾਰਾ ਲੈਣਾ ਪੈਂਦਾ ਸੀ।ਜਦੋਂ ਪੰਜਾਬ ਦੇ ਪਿੰਡਾਂ ਵਿੱਚ ਅਜੇ ਬਿਜਲੀ ਨਹੀਂ ਸੀ ਆਈ ਤਾਂ ਘਰਾਂ ਵਿੱਚ ਬਿਜਲੀ ਦੇ ਪੱਖੇ, ਕੂਲਰ ਜਾਂ ਏ ਸੀ ਨਹੀਂ ਸਨ, ਪਰ ਅੰਤਾਂ ਦੀ ਗਰਮੀ ਕਾਰਨ ਪਿੰਡਾਂ ਦੀਆਂ ਕੁੜੀਆਂ ਆਪਸੀ ਮੁਕਾਬਲੇ ਕਰਨ ਲੱਗੀਆਂ। ਉਹ ਵਧੀਆ ਤੋਂ ਵਧੀਆ ਰੰਗਦਾਰ ਧਾਗਿਆਂ ਦੀ ਬੁਣਤੀ ਕਰ ਕੇ ਨਵੇਂ-ਨਵੇਂ ਡਿਜ਼ਾਈਨ ਦੀਆਂ ਪੱਖੀਆਂ ਤਿਆਰ ਕਰਦੀਆਂ। ਫਿਰ ਇਹ ਗਰਮੀ ਦੇ ਦਿਨਾਂ ਵਿੱਚ ਆਏ ਮਹਿਮਾਨਾਂ ਨੂੰ ਗਰਮੀ ਤੋਂ ਬਚਣ ਅਤੇ ਹਵਾ ਲੈਣ ਲਈ ਦਿੱਤੀਆਂ ਜਾਂਦੀਆਂ। ਕਈ ਮੁਟਿਆਰਾਂ ਵੱਲੋਂ ਤਿਆਰ ਪੱਖੀਆਂ ਤਾਂ ਮਹਿਮਾਨਾਂ ਦਾ ਦਿਲ ਮੋਹ ਲੈਂਦੀਆਂ।

ਜਦੋਂ ਲੋਕਾਂ ਵਿੱਚ ਨਵੀਆਂ ਸੁੰਦਰ ਪੱਖੀਆਂ ਦੀ ਮੰਗ ਹੋਰ ਵਧ ਗਈ ਤਾਂ ਮੁਟਿਆਰਾ ਦੀ ਕਲਾ ਵੀ ਹੋਰ ਨਵੇਂ ਰੰਗ ਬਿਖੇਰਨ ਲੱਗੀ। ਉਹ ਪੱਖੀਆਂ ਨੂੰ ਨਵੇਂ-ਨਵੇਂ ਢੰਗ ਨਾਲ ਝਾਲਰਾਂ ਲਵਾ ਕੇ, ਨਾਲ ਛੋਟੇ-ਛੋਟੇ ਘੁੰਗਰੂ ਲਾਉਣ ਲੱਗੀਆਂ ਜੋ ਹਵਾ ਦੇਣ ਦੇ ਨਾਲਮਹਿਮਾਨਾਂ ਨੂੰ ਸੰਗੀਤਕ ਲੋਰ ਵੀ ਦਿੰਦੀਆਂ। ਇਸ ਤਰ੍ਹਾਂ ਇਨ੍ਹਾਂ ਪੱਖੀਆਂ ਨੇ ਪੰਜਾਬੀ ਸਭਿਆਚਾਰ ਨੂੰ ਇੱਕ ਨਿਵੇਕਲਾ ਰੰਗ ਦੇ ਦਿੱਤਾ ਅਤੇ ਪੰਜਾਬ ਦੇ ਪਿੰਡਾਂ ਵਿੱਚ ਸਭਿਆਚਾਰਕ ਗੀਤ ਆਮ ਹੀ ਸੁਣਨ ਨੂੰ ਮਿਲਦੇ :

ਵੇ ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ।

ਇਸ ਸਭਿਆਚਾਰਕ ਰੰਗ ਦੀ ਦੇਣ ਸੀ ਕਿ ਪੰਜਾਬੀ ਮੁਟਿਆਰਾਂ ਆਪਣੇ



ਵਿਆਹ ਦੇ ਦਾਜ ਲਈ ਕਈ ਕਿਸਮਾਂ ਦੀਆਂ ਪੱਖੀਆਂ ਤਿਆਰ ਕਰ ਲੈਂਦੀਆਂ। ਇਨ੍ਹਾਂ ਲਈ ਭਾਵੇਂ ਉਨ੍ਹਾਂ ਨੂੰ ਪੱਖੀ ਫ੍ਰੇਮ ਬਾਹਰ ਤੋਂ ਖਰੀਦਣੇ ਪੈਂਦੇ ਸਨ। ਦਾਜ ਵਿੱਚ ਲੈ ਕੇ ਗਈਆਂ ਪੱਖੀਆਂ ਮੁਟਿਆਰ ਦੇ ਸਹੁਰੇ ਘਰ ਦੋ ਕੰਮ ਕਰ ਦਿੰਦੀਆਂ। ਇੱਕ ਘਰ ਵਾਲਿਆਂ ਨੂੰ ਹਵਾ ਦੇਣ ਦਾ ਕੰਮ ਕਰਦੀਆਂ ਅਤੇ ਦੂਜਾ ਉਸ ਮੁਟਿਆਰ ਦੇ ਕਲਾਤਮਕ ਗੁਣ ਸਹੁਰੇ ਘਰ ਵਾਲਿਆਂ ਨੂੰ ਪਤਾ ਲੱਗ ਜਾਂਦੇ।

ਜਿਉਂ ਜਿਉਂ ਪਿੰਡਾਂ ਵਿੱਚ ਬਿਜਲੀ ਪਹੁੰਚਦੀ ਗਈ, ਪੇਂਡੂ ਪੰਜਾਬੀ ਘਰਾਂ ਵਿੱਚ ਬਿਜਲੀ ਦੇ ਪੱਖੇ ਜਾਂ ਕੂਲਰ ਆਉਣ ਲੱਗੇ ਅਤੇ ਪੱਖੀਆਂ ਦਾ ਰਿਵਾਜ ਘਟ ਗਿਆ। ਸਮਾਂ ਅਜਿਹਾ ਵੀ ਆਇਆ ਕਿ ਘਰਾਂ ਵਿੱਚੋਂ ਸੁੰਦਰ ਪੱਖੀਆਂ ਅਲੋਪ ਹੀ ਹੋ ਗਈਆਂ। ਲੋਕ ਪੱਖੀਆਂ ਵਾਲੇ ਜ਼ਮਨੇ ਵਿੱਚ ਪਿਛੇ ਮੁੜਨ ਦੀ ਥਾਂ ਕੂਲਰਾਂ ਜਾਂ ਏ ਸੀ ਵੱਲ ਅੱਗੇ ਵਧਦੇ ਗਏ। ਜਦੋਂ ਏ ਸੀ ਵੱਲੋਂ ਖੁੱਲ੍ਹੀ ਠੰਢੀ ਹਵਾ ਦਾ ਸੁੱਖ ਮਿਲੇ ਤਾਂ ਕੌਣ ਯਾਦ ਕਰਦਾ ਹੈ ਉਨ੍ਹਾਂ ਘੁੰਗਰੂਆਂ ਵਾਲੀਆਂ ਪੱਖੀਆਂ ਨੂੰ?

ਪਿਛਲੇ ਦਿਨੀਂ ਗਰਮੀ ਦੇ ਮੌਸਮ ਵਿੱਚ ਜਦੋਂ ਮੈਨੂੰ ਤਰਨ ਤਾਰਨ ਕੋਲ ਇੱਕ ਅਕਾਲ ਅਕੈਡਮੀ ਵਿੱਚ ਜਾਣ ਦਾਮੌਕਾ ਮਿਲਿਆ ਤਾਂ ਮੈਂ ਅਕੈਡਮੀ ਦੇ ਮੈਡੀਕਲ ਰੂਮ ਵਿੱਚ ਗਿਆ ਤਾਂ ਮੈਂ ਇੱਕ ਮੇਜ਼ ਉੱਤੇ ਦਵਾਈਆਂ, ਫਸਟ ਏਡ ਬਾਕਸ ਅਤੇ ਇੱਕ ਬਹੁਤ ਖੂਬਸੂਰਤ ਪੱਖੀ ਪਈ ਦੇਖ ਕੇ ਹੈਰਾਨ ਰਹਿ ਗਿਆ। ਮੈਂ ਉਸ ਰੰਗੀਨ ਪੱਖੀ ਨੂੰ ਚੁੱਕ ਬਹੁਤ ਚਾਅ ਨਾਲ ਦੇਖਣ ਲੱਗਿਆ।ਉਸ ਪੱਖੀ ਦੇ ਸਭਿਆਚਾਰਕ ਰੂਪ ਨੇ ਮੇਰਾ ਮਨ ਮੋਹ ਲਿਆ ਅਤੇ ਮੈਂ ਭੁੱਲ ਹੀ ਗਿਆ ਕਿ ਮੈਡੀਕਲ ਰੂਮ ਵਿੱਚ ਇਸ ਸੁੰਦਰ ਪੱਖੀ ਦਾ ਕੀ ਕੰਮ ਹੈ? ਫਿਰ ਗੱਲ ਮੇਰੀ ਸਮਝ ਵਿੱਚ ਆਈ ਕਿ ਇਹ ਪੱਖੀ, ਬਿਜਲੀ ਦੇ ਕੱਟ ਲੱਗਣ ਕਰਨ ਕਿਸੇ ਬਿਮਾਰ ਬੱਚੇ ਦੀ ਸੇਵਾ ਲਈ ਰੱਖੀ ਗਈ ਹੈ।ਮੇਰੀਆਂ ਅੱਖਾਂ ਅੱਗੇ ਅੱਜ ਵੀ ਉਸ ਪੱਖੀਆਂ ਵਾਲੇ ਪੁਰਾਣੇ ਪੰਜਾਬ ਦੇ ਦ੍ਰਿਸ਼ ਘੁੰਮਦੇ ਰਹਿੰਦੇ ਹਨ, ਜਦੋਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਉੱਤੇ ਗੀਤ ਵੱਜਦੇ ਹੁੰਦੇ ਸਨ :

ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ
ਪੱਖੀ ਦੀ ਝੱਲ ਮਾਰੇ, ਮੁੰਡਾ ਪਟਿਆਲੇ ਦਾ।

ਇਸੇ ਤਰ੍ਹਾਂ ਇਹ ਪੱਖੀ ਪੰਜਾਬੀ ਘਰਾਂ ਵਿੱਚ ਮੁਟਿਆਰਾਂ ਦੀ ਕਲਾ ਦੀ ਆਨ ਅਤੇ ਮਹਿਮਾਨਾਂ ਦੀ ਸ਼ਾਨ ਰਹੀ ਹੈ।ਇਨ੍ਹਾਂ ਮੁਟਿਆਰਾਂ ਦੇ ਮਾਪੇ ਆਪਣੀਆਂ ਲਾਡਲੀਆਂ ਧੀਆਂ ਵੱਲੋਂ ਤਿਆਰ ਕੀਤੀਆਂ ਪੱਖੀਆਂ ਉੱਤੇ ਮਾਣ ਕਰਦੇ ਸਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਮੋਹ ਦੀ ਇੱਕ ਚੰਗਿਆਰੀ ਜਿਹੀ ਲੱਗੀ ਰਹਿੰਦੀ ਸੀ ਕਿਉਂਕਿ ਉਹ ਜਾਣਦੇ ਸਨ ਕਿ ਧੀ ਨੇ ਇੱਕ ਦਿਨ ਆਪਣੇ ਸਹੁਰੇ ਘਰ ਤੁਰ ਜਾਣਾ ਏ ਅਤੇ ਨਾਲ ਤੁਰ ਜਾਣਗੀਆਂ ਇਹ ਪੱਖੀਆਂ ਤਾਂ ਉਹ ਬੇਟੀ ਦੀ ਕਲਾ ਦੀ ਤਾਰੀਫ ਕਰਨ ਤੋਂ ਵੀ ਚੁੱਪ ਵੱਟ ਜਾਂਦੇ ਸਨ ਅਤੇ ਆਪਣੇ ਮਨਾਂ ਵਿੱਚ ਮੱਧਮ ਆਵਾਜ਼ ਵਿੱਚ ਗੁਣਗੁਣਾਉਂਦੇ ਸਨ-

ਪੱਖੀਆਂ...
ਇੱਕ ਦਿਨ ਤੁਰ ਜਾਣੀਆਂ, ਧੀਆਂ,
ਜੋ ਵਾਂਗ ਪੁੱਤਾਂ ਪਾਲ ਕੇ ਰੱਖੀਆਂ।

ਪੁਰਾਣੇ ਸਮਿਆਂ ਵਿੱਚ ਦਾਜ ਵਿੱਚ ਪੱਖੀਆਂ ਲਿਆਉਣ ਦਾ ਬਹੁਤ ਰਿਵਾਜ ਸੀ। ਓਦੋਂ ਔਰਤਾਂ ਆਪਣੀਆਂ ਦਾਜ ਵਿੱਚ ਲਿਆਂਦੀਆਂ ਪੱਖੀਆਂ ਨੂੰ ਸੰਦੂਕਾਂ ਵਿੱਚ ਬਹੁਤ ਦੇਰ ਸਾਂਭ ਕੇ ਰੱਖਦੀਆਂ ਸਨ ਕਿਉਂਕਿ ਉਨ੍ਹਾਂ ਨਾਲ ਜੁੜੀਆਂ ਹੁੰਦੀਆਂ ਸਨ ਉਨ੍ਹਾਂ ਦੇ ਪੇਕਿਆਂ ਦੀਆਂ ਯਾਦਾਂ। ਕਿਸੇ ਸੋਹਣੀ ਪੱਖੀ ਨੂੰ ਦੇਖਦੇ ਹੀ ਉਸ ਨੂੰ ਆਪਣੇ ਮਾਪਿਆਂ ਦੀ ਯਾਦ, ਪੇਕੇ ਘਰ ਦੇ ਵਿਹੜੇ ਦਾ ਵਾਤਾਵਰਨ ਤਤੇ ਤ੍ਰਿੰਞਣਾਂ ਦੇ ਪੂਰ ਵਿੱਚ ਮਿਲੀਆਂ ਉਸ ਦੀਆਂ ਸਹੇਲੀਆਂ ਯਾਦ ਆ ਜਾਂਦੀਆਂ, ਪਰ ਜਦੋਂ ਕਦੇ ਘਰ ਵਿੱਚ ਕੋਈ ਮਹਿਮਾਨ ਆਉਂਦਾ ਤਾਂ ਬੜੇ ਸਤਿਕਾਰ ਨਾਲ ਸੰਦੂਕ ਵਿੱਚੋਂ ਪੱਖੀ ਕੱਢ ਲਿਆਉਂਦੀ ਤਾਂ ਕਿ ਮਹਿਮਾਨ ਨੂੰ ਗਰਮੀ ਤੋਂ ਰਾਹਤ ਮਿਲ ਸਕੇ। ਉਨ੍ਹਾਂ ਦਿਨਾਂ ਵਿੱਚ ਵਿਹੜੇ ਵਿੱਚ ਲੱਗੀ ਨਿੰਮ ਦੀ ਛਾਂ, ਮੰਜੇ ਉੱਤੇ ਵਿਛੀ ਨਵੀਂ ਦਰੀ ਉਤੇ ਫੁੱਲਦਾਰ ਕਢਾਈ ਵਾਲੀ ਚਿੱਟੀ ਚਾਦਰ ਤੇ ਰੰਗਦਰ ਪੱਖੀ ਪੰਜਾਬੀ ਸਭਿਆਚਾਰ ਦੀ ਬਾਤ ਪਾ ਦਿੰਦੀਆਂ ਸਨ।

ਸਮੇਂ ਨਾਲ ਸਭ ਕੁਝ ਬਦਲ ਗਿਆ, ਪਿੰਡਾਂ ਵਿੱਚ ਘਰ-ਘਰ ਬਿਜਲੀ ਪਹੁੰਚ ਗਈ, ਕਿਤੇ ਛੱਤ ਵਾਲੇ ਪੱਖੇ, ਕਿਤੇ ਟੇਬਲ ਫੈਨ ਜਾਂ ਹਵਾ ਦੇ ਬੁੱਲ੍ਹੇ ਛੱਡਦੇ ਫਰਾਟੇ ਪੱਖਿਆਂ ਦੇ ਚੱਲਣ ਨੇ ਪੱਖੀਆਂ ਨੂੰ ਯਾਦ ਨਹੀਂ ਕਰਨ ਦਿੱਤਾ। ਸਾਰੇ ਪੰਜਾਬੀ ਪੱਖੀਆਂ ਛੱਡ ਪੱਖਿਆਂ ਦਾ ਆਸਰਾ ਤੱਕਣ ਲੱਗੇ। ਮੁਟਿਆਰਾਂ ਵੱਲੋਂ ਪੱਖੀਆਂ ਬਣਾਉਣ ਦਾ ਰੁਝਾਨ ਅੰਤਲੇ ਸਾਹਾਂ ਉੱਤੇ ਆ ਗਿਆ। ਜਿਹੜੀਆਂ ਦਾਦੀਆਂ-ਮਾਵਾਂ ਬੱਚਿਆਂ ਨੂੰ ਲੋਰੀ ਸੁਣਾਉਂਦੀਆਂ ਪੱਖੀ ਝੱਲਦੀਆਂ ਪਰਵਾਰਕ ਦ੍ਰਿਸ਼ ਪੇਸ਼ ਕਰਦੀਆਂ ਸਨ, ਉਹ ਖਤਮ ਹੋ ਗਿਆ। ਦਾਦੀਆਂ ਵੱਲੋਂ ਲਿਆਂਦੀਆਂ ਦਾਜ ਦੀਆਂ ਪੱਖੀਆਂ ਸੰਦੂਕਾਂ ਵਿੱਚ ਸੌਂ ਗਈਆਂ, ਪਰ ਉਨ੍ਹਾਂ ਦਾਦੀਆਂ ਸੰਦੂਕਾਂ ਵਿੱਚ ਪੱਖੀਆਂ ਦੀ ਸੰਭਾਲ ਨੇ ਸਾਡੇ ਸਮਾਜ ਨੂੰ ਨਵਾਂ ਰੰਗ ਦਿੱਤਾ। ਇੱਕ ਕਵੀ ਨੇ ਸੋਹਣਾ ਲਿਖਿਆ ਹੈ :

ਦਾਦੀ ਲਿਆਈ ਜੋ ਦਾਜ ਵਿੱਚ ਪੱਖੀ
ਬੜੀ ਉਸ ਸੰਭਾਲ ਕੇ ਰੱਖੀ।
ਜਦੋਂ ਕੋਈ ਮਹਿਮਾਨ ਘਰ ਆਵੇ
ਝੱਟ ਦਾਦੀ ਪੱਖੀ ਕੱਢ ਲਿਆਵੇ।
ਗਰਮੀ ਵਿੱਚ ਹਵਾ ਦੇਵੇ ਸੋਹਣੀ
ਪਾਸ ਨਾ ਆਵੇ ਕੋਈ ਮੱਛਰ-ਮੱਖੀ
ਦਾਦੀ ਲਿਆਈ ਜੋ ਦਾਜ ਵਿੱਚ ਪੱਖੀ।

ਵਿਗਿਆਨ ਨੇ ਕਮਾਲ ਕਰ ਦਿੱਤਾ ਹੈ, ਉਸ ਪਿਆਰ ਪੱਖੀ ਦੀ ਥਾਂ ਨਵੇਂ-ਨਵੇਂ ਕੂਲਰਾਂ ਅਤੇ ਏਸੀ ਨੇ ਲੈ ਲਈ ਹੈ। ਪੱਕਦੇ ਤਪਦੇ ਘਰਾਂ ਨੂੰ ਇਹ ਏ ਸੀ ਠੰਢਾ ਠਾਰ ਕਰਦੇ ਹਨ, ਪਰ ਪਹਿਲਾਂ ਪਿੰਡਾਂ ਵਿੱਚ ਕੱਚੇ ਘਰ ਵੀ ਗਰਮੀ ਵਿੱਚ ਏਅਰ ਕੰਡੀਸ਼ਨ ਦਾ ਕੰਮ ਕਰ ਦਿੰਦੇ ਸਨ, ਉਹ ਪੱਕੇ ਘਰਾਂ ਵਾਂਗ ਤਪਦੇ ਨਹੀਂ ਸਨ, ਅੰਦਰ ਚੱਲਦੀਆਂ ਝਾਲਰ ਵਾਲੀਆਂ ਪੱਖੀਆਂ ਚੰਗੀ ਰਾਹਤ ਦੇਂਦੀਆਂ ਸਨ। ਭਾਵੇਂ ਵਿਗਿਆਨਕ ਸੁੱਖ ਮਨੁੱਖ ਨੂੰ ਗਰਮੀ ਤੋਂ ਬਚਾ ਲੈਂਦੇ ਹਨ, ਪਰ ਡਾਕਟਰ ਦੱਸਦੇ ਹਨ ਕਿ ਮਨੁੱਖ ਨੂੰ ਜ਼ਿਆਦਾ ਏ ਸੀ ਅੱਗੇ ਨਹੀਂ ਬੈਠਣਾ ਚਾਹੀਦਾ, ਕਿਉਂਕਿ ਏ ਸੀ ਵਿੱਚ ਬਾਹਾਂ ਜੁੜਨ ਦਾ ਖਤਰਾ ਰਹਿੰਦਾ ਹੈ, ਜਦੋਂ ਕਿ ਪੱਖੀ ਨੂੰ ਚਲਾਉਣ ਨਾਲ ਬਾਹਾਂ ਦੀ ਵਰਜਿਸ਼ ਹੋ ਜਾਂਦੀ ਸੀ, ਇਹ ਬਾਹਾਂ ਨੂੰ ਜੋੜਨ ਦੀਥਾਂ ਤੰਦਰੁਸਤੀ ਬਖ਼ਸ਼ਦੀ ਸੀ। ਅੱਜ ਵੀ ਪੰਜਾਬ ਵਿੱਚ ਕਦੇ ਕਦੇ ਬਿਜਲੀ ਸੰਕਟ ਨਾਲ ਜਦੋਂ ਲੰਬੇ ਸਮੇਂ ਤੱਕ ਬਿਜਲੀ ਨਹੀਂ ਆਉਂਦੀ ਤਾਂ ਪੁਰਾਣੀਆਂ ਪੱਖੀਆਂ ਨੂੰ ਲੱਭਣਾ ਜ਼ਰੂਰੀ ਹੋ ਜਾਂਦਾ ਹੈ। ਤਦੇ ਕਿਸੇ-ਕਿਸੇ ਘਰ ਅੱਜ ਵੀ ਇਹ ਪੱਖੀ ਘੁੰਗਰੂਆਂ ਵਾਲੀ ਮਿਲ ਹੀ ਜਾਂਦੀ ਹੈ ਅਤੇ ਸਾਨੂੰ ਯਾਦ ਕਰਵਾ ਦਿੰਦੀ ਹੈ ਸਾਡਾ ਭੁੱਲਿਆ ਵਿਸਰਿਆ ਸਭਿਆਚਾਰਕ ਵਿਰਸਾ।

# ਆਉ "ਇਕ ਰੁੱਖ ਤੇ ਸੋ ਸੁੱਖ" ਵਾਲੀ ਕਹਾਵਤ ਨੂੰ ਸੱਚ ਦਾ ਜਾਮਾ ਪਹਿਨਾਈਏ



ਰਾਜਿੰਦਰ ਸਿੰਘ ਰਾਜਨ ਪਠਾਨਕੋਟ

ਆਪਣੀ ਲੋੜ ਕਹਿ ਲਈਏ, ਮਜਬੂਰੀ ਕਹਿ ਲਈਏ,ਜਾ ਲਾਲਚ ਕਹਿ ਲਈਏ ਮਨੁੱਖ ਪਿੱਛਲੇ ਲੰਮੇ ਅਰਸੇ ਤੋਂ ਰੁੱਖਾ ਦੀ ਕਟਾਈ ਨਿਰੰਤਰ ਜਾਰੀ ਰੱਖਕੇ ਜੀਵਨ ਦੀ ਚਲ ਰਹੀ ਗੱਡੀ ਨੂੰ ਲੀਹੋ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਆਉਂਣ ਵਾਲੇ ਸਮੇਂ ਵਿੱਚ ਮਨੁੱਖੀ ਨਸ਼ਲਾ ਲਈ ਖ਼ਤਰੇ ਦੀ ਘੰਟੀ ਕਹਿ ਲਿਆ ਜਾਵੇ ਤਾਂ ਗੱਲਤ ਨਹੀ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀ ਕਿ ਰੁੱਖਾਂ ਦੀ ਕਟਾਈ ਕਾਰਨ ਵਾਤਾਵਰਨ ਤਬਦੀਲ ਹੋ ਰਿਹਾ ਹੈਂ। ਮਨੁੱਖ ਆਪਣੇ ਲਾਲਚ ਵਿੱਚ ਆਕੇ ਜੰਗਲਾ ਦਾ ਵੀ ਘਾਣ ਕਰੀ ਜਾ ਰਿਹਾ ਹੈ। ਰੁੱਖ ਦੀ ਮਹੱਤਤਾ ਨੂੰ ਮੁੱਖ ਰੱਖਦਿਆ ਸਾਡੇ ਧਾਰਮਿਕ ਗ੍ਰੰਥਾਂ, ਰਿਸ਼ੀਆਂ ਮੁਨੀਆਂ ਨੇ ਰੁੱਖਾ ਨੂੰ ਪੂਜਣ ਯੋਗ ਦੱਸਿਆ ਹੈ। ਪਿੱਪਲ ਅਤੇ ਤੁਲਸੀ ਆਦਿ ਇਸ ਗੱਲ ਦੀ ਅਗਵਾਈ ਭਰਦੇ ਹਨ। ਇਸ ਤੋਂ ਇਲਾਵਾ ਆਮਲਾ, ਨਿੰਬੂ, ਲਸੂੜੇ ਦੇ ਰੁੱਖ ਗੁਣਾਤਮਕ ਭਰਭੂਰ ਹਨ। ਵੱਖ-ਵੱਖ ਤਰ੍ਹਾਂ ਦੇ ਫੱਲਫਰੂਟ ਵਾਲੇ ਰੁੱਖਾ ਪਾਸੋ ਵੱਖ-ਵੱਖ ਤਰ੍ਹਾਂ ਦੇ ਵਿਟਾਮਿਨ ਅਤੇ ਖਣਿਜ ਪਦਾਰਥ ਮਿਲਦੇ ਹਨ ਜੋ ਸਾਡੇ ਜੀਵਨ ਦਾ ਆਧਾਰ ਹਨ। ਇੱਥੇ ਹੀ ਬਸ ਨਹੀ ਰੁੱਖ ਸਾਡੇ ਜੀਵਨ ਦਾ ਅਨਿਖੜਵਾ ਅੰਗ ਹਨ। ਇਹਨਾਂ ਤੋਂ ਬਗੈਰ ਅਸੀ ਜਿੰਦਾ ਨਹੀ ਰਹਿ ਸਕਦੇ। ਰੁੱਖ ਮਨੁੱਖ ਲਈ ਰੋਜ਼ੀ-ਰੋਟੀ, ਮਕਾਨ, ਸਾਹ ਲੈਣ ਵਾਸਤੇ ਆਕਸੀਜਨ, ਦਵਾਈਆਂ ਵਾਸਤੇ ਜੜੀਆਂ ਬੂਟੀਆਂ, ਜਲਵਾਜੂ ਨਿਰੰਤਰ ਕਰਨਾ ਆਦਿ ਵਿੱਚ ਸਹਾਇਕ ਹਨ।ਵਿਗਿਆਨ ਮੁਤਾਬਕ ਇਕ ਰੁੱਖ ਆਪਣੀ ਸਾਰੀ ਉਮਰ ਵਿੱਚ ਲੱਗਭੱਗ 2 ਕਰੋੜ ਰੁਪਏ ਦੀ ਆਕਸੀਜਨ ਤਿਆਰ ਕਰਦਾ ਹੈ ।

ਇਹਨਾਂ ਰੁੱਖਾ ਦੀ ਖਾਤਿਰ ਲੱਖਾ ਦੀ



ਤਾਦਾਦ ਵਿੱਚ ਪੰਛੀਆਂ ਅਤੇ ਜੀਵ-ਜੰਤੂ ਰੁੱਖਾ ਉੱਪਰ ਆਪਣਾ ਆਲ੍ਹਣਾ ਬਣਾ ਕੇ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਤੇ ਰੁੱਖਾ ਦੇ ਵਡੱਪਣ ਤੋਂ ਸੱਭ ਭਲੀ-ਭਾਂਤ ਜਾਣਦੇ ਹਨ, ਕਿ ਰੁੱਖ ਧੁੱਪ ਤੋਂ ਸਾਰਿਆਂ ਦਾ ਬਚਾਅ ਵੀ ਕਰਦੀ ਹੈ, ਉੱਥੇ ਮਨੁੱਖ ਪ੍ਰਦੂਸ਼ਣ ਤੋਂ ਵੀ ਸੁਟਕਾਰਾ ਪਾਉਂਦਾ ਹੈ।

ਪੱਤਚੜ ਦੇ ਮੌਸਮ ਵਿੱਚ ਇਨ੍ਹਾਂ ਰੁੱਖਾ ਦੇ ਬੇਕਾਰ ਪੱਤੇ ਅਤੇ ਟਾਹਣੀਆਂ ਮਿੱਟੀ ਵਿੱਚ ਮਿਲ ਕੇ ਬਹੁਮੁੱਲੀ ਖਾਦ ਤਿਆਰ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ। ਮਨੁੱਖ ਨਾਲ ਰੁੱਖ ਦਾ ਨਾਤਾ ਸਦੀਆਂ ਪੁਰਾਣਾ ਹੈ। ਜੇਕਰ ਪੰਜਾਹ ਸਾਲ ਪਿੱਛੇ ਝਾਤੀ ਮਾਰੀਏ ਤਾਂ ਅੱਤ ਦੀ ਗਰਮੀ ਵਿੱਚ ਘਰ ਦੇ ਪੱਖਿਆਂ ਨੂੰ ਛੱਡ ਕੇ ਬੋਹੜ, ਅੰਬ ਆਦਿ ਰੁੱਖਾਂ ਦੀ ਠੰਡੀ ਹਵਾ ਹੇਠਾਂ ਮਨੁੱਖ ਸਾਉਣ- ਬੈਠਣ ਦਾ ਮਜਾ ਲੈਂਦਾ ਸੀ, ਜਿਸ ਦਾ ਨਜ਼ਾਰਾ ਹੀ ਕੁਝ ਵੱਖਰਾ ਹੁੰਦਾ ਸੀ। ਕੁਦਰਤੀ ਠੰਡੀ ਹਵਾ ਲੈ ਕੇ ਮਨੁਖ ਸ਼ਰੀਰ ਪੱਖੋਂ ਰਿਸ਼ਟ ਪੁਸ਼ਟ ਰਹਿੰਦਾ ਸੀ ਪ੍ਰੰਤੂ ਅੱਜ ਦੇ ਜੁਗ ਵਿੱਚ ਏ ਸੀ, ਕੂਲਰ ਦੀ ਸਹੂਲਤ ਬਨਾਮ ਬਿਮਾਰੀ ਦਾ ਘਰ ਮੰਨਿਆ ਜਾ ਰਿਹਾ ਹੈ।

ਰੁੱਖਾਂ ਨਾਲ ਪਿਆਰ ਦਾ ਇਜ਼ਹਾਰ ਕਰਦੇ ਹੋਏ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਕਵਿਤਾ ਵਿੱਚ ਰੁੱਖਾਂ ਦੀ ਤੁਲਣਾ ਆਪਣੇ ਪ੍ਰੀਵਾਰਕ ਜੀਆਂ ਦੇ ਵਾਂਗ ਇੰਝ ਬਿਆਨ ਕੀਤੀ ਹੈ, ਜਿਸ ਦੀਆ ਕੁਝ ਸਤਰਾਂ ਪੇਸ਼ ਹਨ।

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ। ਕੁਝ ਰੁੱਖ ਨੂੰਹਾਂ ਧੀਆਂ ਲਗਦੇ, ਕੁਝ ਰੁੱਖ ਵਾਂਗ ਭਰਾਵਾਂ। ਕੁਝ ਰੁੱਖ ਮੇਰੇ ਬਾਬੇ ਵਾਕਣ, ਪੱਤਰ ਟਾਵਾਂ ਟਾਵਾਂ। ਕੁਝ ਰੁੱਖ ਮੇਰੀ ਦਾਦੀ ਵਰਗੇ, ਚੂਰੀ ਪਾਵਣ ਕਾਵਾਂ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਮਨੁੱਖ ਨੇ ਰੁੱਖਾ ਦੀ ਅੰਧਾਧੁੰਦ ਕਟਾਈ ਕਰਕੇ ਆਪਣਾ ਵਜੂਦ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਸਰਕਾਰ ਵੱਲੋਂ ਰੁੱਖਾ ਦੀ ਮਹੱਤਤਾ ਨੂੰ ਵੇਖਦੇ ਹੋਏ ਲੋਕਾਂ ਨੂੰ "ਇੱਕ ਰੁੱਖ, ਸੌ ਸੁੱਖ" ਦੀ ਤਰਜ਼ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪਿੱਛਲੇ ਲੰਮੇ ਸਮੇਂ ਤੋਂ ਨਿਰੰਤਰ ਜਾਗਰੂਕ ਕਰ ਰਹੀ ਹੈ ਅਤੇ ਹਰ ਆਉਦੇ ਸਾਲ ਸਕੂਲਾ, ਕਾਲਜਾ ਆਦਿ ਵਿੱਚ ਵੀ ਵਣ-ਮਹਾਂਉਤਸਵ ਮਨਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਸੰਸਥਾਵਾ ਵੀ ਪੂਰਨ ਸਹਿਯੋਗ ਕਰ ਰਹੀਆ ਹਨ, ਫਿਰ ਸਾਡਾ ਸਾਰਿਆ ਦਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਆਪਣੀ ਹੋਂਦ ਧਰਤੀ ਉਪਰ ਬਣਾਈ ਰੱਖਣਾ ਵਾਸਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਇਹਨਾ ਰੁੱਖਾ ਤੋਂ ਮਿਲਦੇ ਫਾਇਦਾ ਉਠਾ ਸਕੀਏ।

ਸੋ ਆਉ "ਇਕ ਰੁੱਖ ਤੇ ਸੋ ਸੁੱਖ" ਵਾਲੀ ਕਹਾਵਤ ਨੂੰ ਸੱਚ ਦਾ ਜਾਮਾ ਪਹਿਨਾਉਣ ਲਈ ਵੱਧ ਚੜ੍ਹਕੇ ਵਣ-ਮਹਾਂਉਤਸਵ ਲਹਿਰ ਨੂੰ ਲੋਕ ਲਹਿਰ ਬਣਾਕੇ ਆਉਂਣ ਵਾਲੀ ਪੀੜ੍ਹੀ ਦਾ ਭਲਾ ਕਰੀਏ !

# ਰਾਜਾ ਮੋਕਲਦੇਵ ਦੀ ਨਗਰੀ

ਡਾ. ਸੁਭਾਸ਼ ਪਰਿਹਾਰ

ਸੂਫੀਵਾਦ ਦਾ ਅਮਰੀਕੀ ਇਤਿਹਾਸਕਾਰ ਰਿਚਰਡ ਐੱਮ ਈਟਨ ਬਾਬਾ ਫਰੀਦ ਬਾਰੇ ਆਪਣੀ ਖੋਜ ਵਿੱਚ ਲਿਖਦਾ ਹੈ ਕਿ ਪੰਜਾਬ ਦੀ ਜੱਟ ਕਿਰਸਾਨੀ, ਭਾਵੇਂ ਸਿੱਖ ਸਨ ਜਾਂ ਮੁਸਲਮਾਨ, ਵਿੱਚ ਇਸ ਚਿਸ਼ਤੀ ਸੂਫੀ ਸੰਤ ਦੀ ਕਾਫੀ ਮਾਨਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਕਲਾਮ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ ਸੀ।ਪੰਜਾਬ ਦਾ ਪ੍ਰਸਿੱਧ ਸ਼ਹਿਰ ਫਰੀਦਕੋਟ ਇਸੇ ਬਾਬਾ ਫਰੀਦ ਦੇ ਨਾਂਅ ਉੱਤੇ ਵਸਾਇਆ ਗਿਆ ਸੀ। ਇਸ ਸ਼ਹਿਰ ਵਿੱਚ ਬਾਬਾ ਫਰੀਦ ਦੇ ਨਾਂਅ ਦੀ ਇੰਨੀ ਮਾਨਤਾ ਹੈ ਕਿ ਭਾਵੇਂ ਕਿਸੇ ਨੇ ਵੀ ਕੋਈ ਮਾਮੂਲੀ ਕਾਰੋਬਾਰ ਸ਼ੁਰੂ ਕਰਨਾ ਹੋਵੇ ਜਾਂ ਸਰਕਾਰ ਨੇ ਯੂਨੀਵਰਸਿਟੀ ਸਥਾਪਤ ਕਰਨੀ ਹੋਵੇ, ਇਸ ਦੇ ਨਾਂਅ ਲਈ ਪਹਿਲੀ ਚੋਣ ਬਾਬਾ ਫਰੀਦ ਦੇ ਨਾਂਅ ਦੀ ਹੁੰਦੀ ਹੈ। ਬਾਬਾ ਫਰੀਦ (1173-1265) ਤੇਰ੍ਹਵੀਂ ਸਦੀ ਵਿੱਚ ਹੋਏ ਚਿਸ਼ਤੀ ਸੂਫੀ ਸਿਲਸਿਲੇ ਦੇ ਸੰਤ ਸਨ। ਉਨ੍ਹਾਂ ਦਾ ਮੁੱਖ ਕੇਂਦਰ ਅੱਜ ਵੀ ਪਾਕਿਸਤਾਨ ਦਾ ਸ਼ਹਿਰ ਪਾਕਪੱਟਨ (ਫਰੀਦਕੋਟ ਦੇ 140 ਕਿਲੋਮੀਟਰ ਪੱਛਮ ਵੱਲ, ਅਸਲ ਪੁਰਾਤਨ ਨਾਂਅਅਜੋਧਨ) ਹੈ, ਜਿਹੜਾ 13ਵੀਂ 14ਵੀਂ ਸਦੀ ਦੌਰਾਨ ਦਿੱਲੀ ਤੋਂ ਮੁਲਤਾਨ ਜਾਣ ਵਾਲੇ ਮੁੱਖ ਮਾਰਗ ਉਪਰ ਸੀ। ਉਸ ਸਮੇਂ ਵਿੱਚ ਹਿੰਦੋਸਤਾਨ ਦਾ ਬਾਹਰੀ ਦੁਨੀਆ ਨਾਲ ਜ਼ਮੀਨੀ ਸੰਬੰਧ ਇਸੇ ਰਸਤੇ ਸੀ। ਅਜੋਧਨ ਨੇੜੇ ਇਹ ਰਾਹ ਸਤਲੁਜ ਦਰਿਆ ਪਾਰ ਕਰਦਾ ਸੀ। (ਅੱਜਕੱਲ੍ਹ ਇਹ ਦਰਿਆ ਪਾਕਪੱਟਨ ਦੇ ਦੱਖਣ ਵਿੱਚ 11 ਕਿਲੋਮੀਟਰ ਦੂਰੀਵਹਿੰਦਾ ਹੈ।)

ਫਰੀਦਕੋਟ ਦੀ ਸਥਾਪਨਾ ਬਾਰੇ ਦੰਦ-ਕਥਾ ਹੈ, ਜਦੋਂ ਇਸ ਥਾਂ ਰਾਜਾ ਮੋਕਲ ਕਿਲ੍ਹੇ ਦੀ ਉਸਾਰੀ ਕਰਵਾ ਰਿਹਾ ਸੀ ਤਾਂ ਉਸ ਦੇ ਅਹਿਲਕਾਰ ਇਧਰ ਦੀ ਲੰਘ ਰਹੇ ਬਾਬਾ ਫਰੀਦ ਨੂੰ ਵਗਾਰ ਲਈ ਫੜ ਲਿਆਏ, ਪਰ ਉਨ੍ਹਾਂ ਨੇ ਵੇਖਿਆ ਕਿ ਬਾਬਾ ਫਰੀਦ ਵੱਲੋਂ ਚੁੱਕੀ ਹੋਈ ਟੋਕਰੀ ਬਿਨਾਂ ਕਿਸੇ ਸਹਾਰੇ ਦੇ ਉਨ੍ਹਾਂ ਦੇ ਸਿਰ ਤੋਂ ਗਿੱਠ ਉਚੀ ਉੱਡ ਰਹੀ ਹੈ। ਰਾਜੇ ਨੇ ਇਹ ਕਰਾਮਾਤ ਵੇਖ ਕੇ ਉਨ੍ਹਾਂ ਤੋਂ ਮੁਆਫੀ ਮੰਗੀ ਅਤੇ ਬਣ ਰਹੇ ਕਿਲ੍ਹੇ ਦਾ ਨਾਂਅ ਉਨ੍ਹਾਂ ਦੇ ਨਾਂਅ ਉੱਤੇ 'ਫਰੀਦਕੋਟ' ਰੱਖ ਦਿੱਤਾ।ਇਹ ਦੰਦ-ਕਥਾ ਟੋਕਰੀ ਉਡਣ ਵਾਲੇ ਕ੍ਰਿਸ਼ਮਈ ਤੱਤ ਕਾਰਨ ਵਿਸ਼ਵਾਸਯੋਗ ਨਹੀਂ ਅਤੇ ਇਸ ਵਿੱਚ ਹੋਰ ਵੀ ਅਨੇਕਾਂ ਊਣਤਾਈਆਂ ਹਨ। ਪਹਿਲੀ ਗੱਲ ਇਹ ਕਿ ਬਾਬਾ ਫਰੀਦ 13ਵੀਂ ਸਦੀ ਵਿੱਚ ਹੋਏ ਸਨ, ਪਰ ਫਰੀਦਕੋਟ ਨਾਂਅ ਦਾ ਜ਼ਿਕਰ 19ਵੀਂ ਸਦੀ ਤੋਂ ਪਹਿਲਾਂ ਕਿਤੇ ਨਹੀਂ ਮਿਲਦਾ, ਜਦੋਂ ਕਿ ਨੇੜਲੇ ਸ਼ਹਿਰ ਕੋਟਕਪੂਰੇ ਦਾ ਹਵਾਲਾ 17ਵੀਂ-18ਵੀਂ ਸਦੀ ਦੌਰਾਨ ਮਿਲਣ ਲੱਗਦਾ ਹੈ। ਦੂਜਾ, 13ਵੀਂ-14ਵੀਂ ਸਦੀ ਦੌਰਨ ਦਿੱਲੀ ਤੋਂ ਮੁਲਤਾਨ ਜਾਣ ਵਾਲਾ ਮੁੱਖ ਰਾਹ ਸਿਰਸਾ, ਅਬੋਹਰ ਅਤੇ ਭਟਨੇਰ (ਅੱਜਕੱਲ੍ਹ ਹਨੂਮਾਨਗੜ੍ਹ) ਵਿੱਚਦੀ ਲੰਘਦਾ ਸੀ, ਜੋ ਫਰੀਦਕੋਟ ਦੇ ਇਲਾਕੇ ਤੋਂ ਕਾਫੀ ਦੂਰ ਪੈਂਦਾ ਸੀ। ਮੱਧ-ਕਾਲ ਵਿੱਚ ਇਹ ਇਲਾਕਾ ਨਿਰਾ ਰੇਗਿਸਤਾਨ ਸੀ ਤੇ ਇੱਥੇ ਮਾਮੂਲੀ ਵੱਸੋਂ ਭਾਵੇਂ ਹੋਵੇ, ਸ਼ਹਿਰ ਵਸਾਉਣ ਜੋਗੀ ਹਰਗਿਜ਼ ਨਹੀਂ ਸੀ। ਇਸ ਇਲਾਕੇ ਦੇ ਆਸੇ-ਪਾਸੇ ਹੜੱਪ ਕਾਲ ਦੇ ਕੁਝ ਥੇਹ ਜ਼ਰੂਰ ਮਿਲੇ ਹਨ। ਉਨ੍ਹਾਂ ਸਮਿਆਂ ਵਿੱਚ ਇਸ ਨੂੰ ਸ਼ਾਇਦ ਸਤਲੁਜ ਦਾ ਪਾਣੀ ਸਿੰਜਦਾ ਸੀ। ਅੱਜ ਵੀ ਦਰਿਆ ਦੇ ਪੁਰਾਤਨ ਵਹਿਣ ਦੇ ਪਾਸੇ ਦੇ ਇਲਾਕੇ ਨੂੰ ਉਤਾੜ ਅਤੇ ਦੂਜੇ ਨੂੰ ਹਿਠਾੜ ਕਿਹਾ ਜਾਂਦਾ ਹੈ।

ਅੱਗੋਂ ਅਸੀਂ ਸਿੱਧੇ 18ਵੀਂ ਸਦੀ ਦੀ ਗੱਲ ਕਰੀਏ, ਜਦੋਂ ਹਮੀਰ ਸਿੰਘ (1763-82) ਫਰੀਦਕੋਟ ਦੇ ਕਿਲ੍ਹੇ ਦੀ ਉਸਾਰੀ ਲਈ ਇੱਟਾਂ ਇੱਥੋਂ ਤੀਹ ਕਿਲੋਮੀਟਰ ਉੱਤਰ-ਪੱਛਮ ਵੱਲ ਪਿੰਡ ਕੋਟ ਕਰੋੜ ਦੇ ਕਿਲ੍ਹੇ ਨੂੰ ਡੇਗ ਕੇ ਲਿਆਇਆ ਸੀ। ਬਹੁਤੀ ਸੰਭਾਵਨਾ ਇਹੋ ਹੈ ਕਿ ਇਸ ਦਾ ਨਾਂਅ ਫਰੀਦਕੋਟ ਵੀ ਉਸੇ ਨੇ ਰੱਖਿਆ ਹੋਵੇਗਾ।

18ਵੀਂ ਸਦੀ ਦੇ ਅੰਤ ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜ਼ਾ ਕਰ ਕੇ ਆਪਣਾ ਇਲਾਕਾ ਫੈਲਾਉਣਾ ਸ਼ੁਰੂ ਕੀਤਾ ਤਾਂ ਸਤਲੁਜ-ਉਰਾਰ ਦੇ ਇਲਾਕੇ ਉੱਤੇ ਕਾਬਜ਼ ਸਰਦਾਰ ਘਬਰਾ ਗਏ। ਉਨ੍ਹਾਂ ਨੇ ਆਪਣੀ ਰੱਖਿਆ ਲਈ ਇਕੱਠਿਆਂ ਹੋ ਕੇ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਹਾਕਮ ਨੂੰ ਜਾ ਅਰਜ਼ੋਈ ਕੀਤੀ। ਇਸ ਸਮੇਂ ਤੀਕ ਕੰਪਨੀ ਮਰਾਠਾ ਸ਼ਕਤੀ ਨੂੰ ਕੁਚਲ ਕੇ, ਸਿਵਾਏ ਪੰਜਾਬ ਤੇ ਸਿੰਧ ਦੇ ਸਾਰੇ ਹਿੰਦੋਸਤਾਨ ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਬਜ਼ਾ ਕਰ ਚੁੱਕੀ ਸੀ। ਮਾਲਵੇ ਦੇ ਹਾਕਮਾਂ ਨੂੰ ਪਤਾ ਸੀ ਕਿ ਕੰਪਨੀ ਤੇ ਰਣਜੀਤ ਸਿੰਘ ਦੋਵੇਂ ਹੀ ਇਨ੍ਹਾਂ ਨੂੰ ਨਿਗਲ ਜਾਣਾ ਚਾਹੁੰਦੇ ਹਨ, ਪਰ ਉਨ੍ਹਾਂ ਨੇ ਬ੍ਰਿਟਿਸ਼ ਕੰਪਨੀ ਦੀ ਸ਼ਰਣ ਜਾਣਾ ਬਿਹਤਰ ਸਮਝਿਆ। 1808 ਵਿੱਚ ਕੰਪਨੀ ਨੇ ਰਣਜੀਤ ਸਿੰਘ ਨਾਲ ਸੰਧੀ ਕੀਤੀ ਕਿ ਉਹ ਭਵਿੱਖ ਵਿੱਚ ਸਤਲੁਜ-ਉਰਾਰ ਦੇ ਇਲਾਕਿਆਂ ਉੱਤੇ ਹੱਕ ਨਹੀਂ ਜਤਾਵੇਗਾ।

ਮਹਾਰਾਜਾ ਰਣਜੀਤ ਸਿੰਘ ਦੇ 1839 ਵਿੱਚ ਦਿਹਾਂਤ ਪਿੱਛੋਂ ਲਾਹੌਰ ਦਰਬਾਰ ਸਾਜ਼ਿਸ਼ਾਂ ਦਾ ਅਖਾੜਾ ਬਣ ਗਿਆ ਤਾਂ ਬ੍ਰਿਟਿਸ਼ ਕੰਪਨੀ ਨੇ ਇਸ ਉੱਤੇ ਕਬਜ਼ਾ ਕਰਨ ਦੀ ਯੋਜਨਾ ਬਣਾ ਲਈ। ਜਦੋਂ 1845 ਵਿੱਚ ਲਾਹੌਰ ਤੇ ਕੰਪਨੀ ਦੀਆਂ ਫੌਜਾਂ ਵਿਚਕਾਰ ਜੰਗ ਛਿੜੀ ਤਾਂ ਸਤਲੁਜ-ਉਰਾਰ ਦੇ ਕਈ ਮੁਖੀਆਂ ਦੀ ਹਮਦਰਦੀ ਅੰਗਰੇਜ਼ਾਂ ਨਾਲ ਨਹੀਂ ਸੀ ਜਾਂ ਉਹ ਇਸ ਦੇ ਵਿਰੁੱਧ ਸਨ। ਅਜਿਹੇ ਸੰਕਟ ਮੌਕੇ ਫਰੀਦਕੋਟ ਦਾ ਤਤਕਾਲੀ ਹਾਕਮ ਪਹਾੜ ਸਿੰਘ ਅੰਗਰੇਜ਼ਾਂ ਦੀ ਮਦਦ ਕਰ ਕੇ ਉਨ੍ਹਾਂ ਦੀ ਕਿਰਪਾ ਦਾ ਪਾਤਰ ਬਣ ਗਿਆ। ਇਹ ਘਟਨਾ ਪੰਜਾਬੀ ਕਵੀ ਸ਼ਾਹ ਮੁਹੰਮਦ ਦੀ ਲਿਖਤ 'ਜੰਗਨਾਮਾ' ਦੀ ਪੰਕਤੀ 'ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ' ਰਾਹੀਂ ਪੰਜਾਬੀ ਲੋਕ ਮਨ ਵਿੱਚ ਡੂੰਘੀ ਬੈਠ ਗਈ।

ਮੇਰਾ ਖਿਆਲ ਹੈ ਕਿ ਸਾਰਾ ਮਾਮਲਾ ਨਜ਼ਰਸਾਨੀ ਦੀ ਮੰਗ ਕਰਦਾ ਹੈ। ਦਰਅਸਲ, ਫਰੀਦਕੋਟ ਸਟੇਟ ਦੀ ਹੋਂਦ ਹੀ ਬ੍ਰਿਟਿਸ਼ ਕੰਪਨੀ ਦੀ ਕਿਰਪਾ ਨਾਲ ਬਚੀ ਸੀ, ਵਰਨਾ ਜੇ 1809 ਵਿੱਚ ਕੰਪਨੀ ਗੁਲਾਬ ਸਿੰਘ ਦਾ ਇਲਾਕਾ ਮੋੜਨ ਲਈ ਰਣਜੀਤ ਸਿੰਘ ਉੱਤੇ ਦਬਾਅ ਨਾ ਪਾਉਂਦੀ ਤਾਂ ਇਸ ਸਟੇਟ ਦੀ ਹੋਂਦ ਜਨਮ ਤੋਂ ਪਹਿਲਾਂ ਹੀ ਮੁੱਕ ਜਾਣੀ ਸੀ। ਪਹਾੜ ਸਿੰਘ ਦੀ ਥਾਂ ਕੋਈ ਹੋਰ ਹਾਕਮ ਵੀ ਹੁੰਦਾ ਤਾਂ ਉਸ ਨੇ ਬ੍ਰਿਟਿਸ਼ ਕੰਪਨੀ ਦਾ ਵਿਰੋਧ ਕਰ ਕੇ ਖੁਦਕੁਸ਼ੀ ਨਹੀਂ ਸੀ ਕਰਨੀ। ਉਸ ਸਮੇਂ ਹਾਲਾਤ ਨੂੰ ਨਾ ਲਾਹੌਰ ਦਰਬਾਰ ਉਸ ਨਜ਼ਰੀਏ ਨਾਲ ਵੇਖਦਾ ਸੀ, ਨਾ ਪਹਾੜ ਸਿੰਘ, ਜਿਵੇਂ ਅੱਜ ਦੇ ਪੰਜਾਬੀ ਵੇਖਦੇ ਹਨ। ਅੱਜ ਸਿੱਖ ਜਗਤ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਨਤਮ ਸਿੱਖ ਹਾਕਮ ਗਿਣਦਾ ਹੈਅਤੇ ਉਸ ਦੇ ਨਾਂਅ ਨਾਲ ਸਤਿਕਾਰ ਵਜੋਂ 'ਮਹਾਰਾਜਾ' ਲਾਉਂਦਾ ਹੈ, ਪਰ ਉਸ ਸਮੇਂ ਰਣਜੀਤ ਸਿੰਘ ਸਤਲੁਜ-ਉਰਾਰ ਦੇ ਹਾਕਮਾਂ ਲਈ ਹਊਆ ਸੀ। ਇੱਕੋ ਧਰਮ ਦੇ ਹੋਣ ਨਾਲ ਕਿਸੇ ਦੇ ਸਾਰੇ ਹਿੱਤ ਸਾਂਝੇ ਨਹੀਂ ਹੋ ਜਾਂਦੇ। ਸਾਰੇ ਇਤਿਹਾਸ ਵਿੱਚ ਕਿਸੇ ਵੀ ਤਾਕਤਵਰ ਹਾਕਮ ਨੇ ਕਿਸੇ ਹਮ-ਮਜ਼੍ਹਬ ਹਾਕਮ ਉੱਤੇ ਹਮਲਾ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਕੁਦਰਤੀ ਤੌਰ ਉੱਤੇ ਪਹਾੜ ਸਿੰਘ ਨੇ ਉਹੋ ਕੁਝ ਕੀਤਾ, ਜਿਸ ਵਿੱਚ ਉਸ ਨੂੰ ਆਪਣੇ ਨਿੱਜੀ ਹਿੱਤ ਸੁਰੱਖਿਅਤ ਜਾਪੇ। ਉਸ ਨੇ ਆਪਣੇ ਇਲਾਕੇ ਨੂੰ ਸਥਾਈ ਹਕੂਮਤ, ਸ਼ਾਂਤੀ ਅਤੇ ਉੱਨਤੀ ਦੀ ਇੱਕ ਪੂਰੀ ਸਦੀ ਦਿੱਤੀ।

ਪਹਾੜ ਸਿੰਘ ਦੀ ਮੌਤ ਅਪ੍ਰੈਲ 1849 ਵਿੱਚ ਹੋਈ ਤੇ ਉਸਦਾ ਇਕਲੌਤਾ ਪੁੱਤਰ ਵਜ਼ੀਰ ਸਿੰਘ ਗੱਦੀ ਉੱਤੇ ਬੈਠਾ। ਉਸ ਨੇ ਆਪਣਾ ਮਾਲੀਆ ਪ੍ਰਬੰਧ ਨਵਿਆਇਆ। ਕਈ ਪਿੰਡਾਂ ਵਿੱਚ ਮਾਲੀਆ ਫਸਲ ਵੰਡ ਦੀ ਥਾਂ ਨਕਦ ਲੈਣਾ ਸ਼ੁਰੂ ਕਰ ਦਿੱਤਾ। ਕੁਝ ਯੂਰਪੀ ਅਫਸਰਾਂ ਦੀ ਮਦਦ ਨਾਲ ਉਸ ਨੇ ਆਪਣੀ ਫੌਜ ਵੀ ਬ੍ਰਿਟਿਸ਼ ਤਰਜ਼ ਉੱਤੇ ਬਣਾ ਲਈ। 1857 ਦੀ ਫੌਜੀ ਬਗਾਵਤ ਵੇਲੇ ਹੋਰ ਸਥਾਨਕ ਰਾਜਿਆਂ ਵਾਂਙ ਵਜ਼ੀਰ ਸਿੰਘ ਨੇ ਵੀ ਬ੍ਰਿਟਿਸ਼ ਹਕੂਮਤ ਦਾ ਸਾਥ ਦਿੱਤਾ। ਚੌਥਾਈ ਸਦੀ ਹਕੂਮਤ ਕਰਨ ਪਿੱਛੋਂ ਉਹ ਹਰਿਦੁਆਰ, ਅਲਾਹਾਬਾਦ, ਬਨਾਰਸ, ਗਯਾ, ਜਗਨਨਾਥ ਅਤੇ ਕਲਕੱਤੇ ਦੀ ਤੀਰਥ ਯਾਤਰਾ ਤੋਂ ਮੁੜਦਿਆਂ 22 ਅਪ੍ਰੈਲ 1884 ਨੂੰ ਕੁਰੂਕਸ਼ੇਤਰ ਨੇੜੇ ਥਾਨੇਸਰ ਵਿਖੇ ਮਰ ਗਿਆ। ਉਸ ਥਾਂ ਉੱਤੇ ਅੱਜ ਵੀ ਉਸ ਦੀ ਖੂਬਸੂਰਤ ਸਮਾਧੀ ਮੌਜੂਦ ਹੈ।ਵਜ਼ੀਰ ਸਿੰਘ ਦੀ ਮ੍ਰਿਤੂ ਪਿੱਛੋਂ ਉਸ ਦਾ ਬੇਟਾ ਬਿਕਰਮ ਸਿੰਘ 32 ਸਾਲ ਦੀ ਉਮਰ ਵਿੱਚ ਗੱਦੀ ਉੱਤੇ ਬੈਠਾ। ਉਸ ਦੇ ਚੌਥਾਈ ਸਦੀ ਦੇ ਰਾਜ ਦੌਰਾਨ ਫਰੀਦਕੋਟ ਸਟੇਟ ਨੇ ਨਵੀਆਂ ਪੁਲਾਂਘਾਂ ਪੁੱਟੀਆਂ। 1884 ਵਿੱਚ ਉੱਤਰ-ਪੱਛਮੀ ਰੇਲਵੇ ਨੇ ਮੀਟਰ-ਗੇਜ਼ ਲਾਈਨ ਵਿਛਾ ਕੇ ਫਰੀਦਕੋਟ ਨੂੰ ਇੱਕ ਪਾਸੇ ਲਾਹੌਰ ਅਤੇ ਦੂਜੇ ਪਾਸੇ ਬਠਿੰਡਾ-ਦਿੱਲੀ ਨਾਲ ਜੋੜ ਦਿੱਤਾ। ਕੋਟਕਪੂਰੇ ਤੋਂ ਇੱਕ ਰੇਲਵੇ ਲਾਈਨ ਮੁਕਤਸਰ ਅਤੇ ਫਾਜ਼ਿਲਕਾ ਵੱਲ ਕੱਢ ਦਿੱਤੀ। ਰੇਲਵੇ ਦੇ ਆਉਣ ਨਾਲ ਇਹ ਸਟੇਟ ਆਰਥਿਕ ਤੌਰ ਉੱਤੇ ਬਾਕੀ ਦੇਸ਼ ਨਾਲ ਜੁੜ ਗਈ, ਜਿਸ ਨਾਲ ਵਪਾਰ ਨੂੰ ਵੀ ਕਾਫੀ ਤਰੱਕੀ ਮਿਲੀ। ਇੰਨਾ ਹੀ ਮਹੱਤਵਪੂਰਨ ਕੰਮ 1885 ਵਿੱਚ ਸਰਹਿੰਦ ਨਹਿਰ ਦੀ ਅਬੋਹਰ ਬਰਾਂਚ ਦੀ ਉਸਾਰੀ ਸੀ, ਜਿਸ ਦਾ 24 ਕਿਲੋਮੀਟਰ ਦਾ ਹਿੱਸਾ ਫਰੀਦਕੋਟ ਸਟੇਟ ਵਿੱਚੋਂ ਲੰਘਦਾ ਸੀ। ਇਹ ਖੇਤੀ ਲਈ ਬਹੁਤ ਲਾਭਦਾਇਕ ਸਿੱਧ ਹੋਇਆ। ਫਸਲ ਵਧੇਰੇ ਹੋਣ ਲੱਗੀ। ਨਵੀਆਂ ਫਸਲਾਂ ਬੀਜੀਆਂ ਜਾਣ ਲੱਗੀਆਂ। ਫਰੀਦਕੋਟ ਤੇ ਕੋਟਕਪੂਰੇ ਵਿੱਚ ਅਨਾਜ ਮੰਡੀ ਦੀ ਉਸਾਰੀ ਕੀਤੀ ਗਈ। ਰਾਜੇ ਨੇ ਸਟੇਟ ਤੋਂ ਬਾਹਰ ਦੇ ਦੁਕਾਨਦਾਰਾਂ ਤੇ ਵਪਾਰੀਆਂ ਨੂੰ ਇਨ੍ਹਾਂ ਮੰਡੀਆਂ ਵਿਚ ਵੱਸਣ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਨਿਗੂਣੀ ਕੀਮਤ ਉੱਤੇ ਜ਼ਮੀਨ ਦਿੱਤੀ। ਸਟੇਟ ਵਿੱਚ ਡਾਕ ਤੇ ਬੈਂਕ ਸੇਵਾ ਸ਼ੁਰੂ ਕੀਤੀ। ਬਿਕਰਮ ਸਿੰਘ ਨੇ ਕੁਝ ਲੋਕ ਭਲਾਈ ਦੇ ਕੰਮ ਵੀ ਕੀਤੇ। 1885 ਵਿੱਚ ਉਸ ਨੇ ਫਰੀਦਕੋਟ ਵਿਖੇ ਸਕੂਲ ਤੇ ਧਰਮ-ਅਰਥ ਹਸਪਤਾਲ ਖੋਲ੍ਹਿਆ। 1886 ਵਿੱਚ ਮੁਸਾਫਰਾਂ ਲਈ ਧਰਮਸ਼ਾਲਾ ਤੇ ਰੈਸਟ ਹਾਊਸ ਬਣਵਾਏ। ਸੰਸਕ੍ਰਿਤ ਪਾਠਸ਼ਾਲਾ ਦੇ ਵਿਦਿਆਰਥੀਆਂ ਲਈ ਮੁਫਤ ਪੜ੍ਹਾਈ ਤੇ ਭੋਜਨ ਦਾ ਪ੍ਰਬੰਧ ਕੀਤਾ। ਪੰਜਾਬ ਯੂਨੀਵਰਸਿਟੀ ਲਾਹੌਰ ਦੀ ਚੋਖੀ ਆਰਥਿਕ ਮਦਦ ਕੀਤੀ ਜਿਸ ਕਰ ਕੇ ਉਸ ਨੂੰ ਯੂਨੀਵਰਸਿਟੀ ਦਾ ਫੈਲੋ ਨਿਯੁਕਤ ਕਰ ਦਿੱਤਾ ਗਿਆ।

ਬਿਕਰਮ ਸਿੰਘ ਨੇ ਸਿੱਖ ਧਰਮ ਲਈ ਵੀ ਕਾਫੀ ਜੋਸ਼ ਵਿਖਾਇਆ ਅਤੇ ਉਹ ਅੰਮ੍ਰਿਤਸਰ ਸਿੰਘ ਸਭਾ ਦਾ ਪ੍ਰਮੁੱਖ ਸਰਪ੍ਰਸਤ ਸੀ। ਉਸ ਨੇ ਕਈ ਸੰਤਾਂ ਅਤੇ ਵਿਦਵਾਨਾਂ ਦੀ ਮਦਦ ਨਾਲ ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਟੀਕਾ ਤਿਆਰ ਕਰਵਾਇਆ। ਫਰੀਦਕੋਟੀ ਟੀਕੇ ਦੇ ਨਾਂਅ ਨਾਲ ਪ੍ਰਸਿੱਧ ਇਹ ਇਸ ਦਿਸ਼ਾ ਵਿੱਚ ਪਹਿਲਾ ਯਤਨ ਸੀ। ਇਸ ਕੰਮ ਵਿੱਚ 20 ਸਾਲ ਲੱਗੇ ਅਤੇ ਸਟੇਟ ਦਾ ਲੱਖ ਰੁਪਇਆ ਖਰਚ ਆਇਆ। ਜਦ 1880ਵਿਆਂ ਵਿੱਚ ਦੇਸ਼ ਵਿੱਚ ਬਿਜਲੀ ਆਈ ਤਾਂ ਉਸ ਨੇ 25000 ਰੁਪਏ ਖਰਚ ਕੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਬਿਜਲੀ ਫਿੱਟ ਕਰਵਾਈ। ਉਸ ਦਾ ਦਿਹਾਂਤ ਅੱਠ ਅਗਸਤ 1898 ਨੂੰ ਹੋਇਆ। ਬਿਕਰਮ ਸਿੰਘ ਦੀ ਮੌਤ ਮਗਰੋਂ ਉਸ ਦਾ ਪੁੱਤਰ ਬਲਬੀਰ ਸਿੰਘ ਗੱਦੀ ਉੱਤੇ ਬੈਠਾ। ਉਸ ਨੇ ਆਪਣੇ ਲਈ ਕਿਲ੍ਹੇ ਦੇ ਬਾਹਰ ਖੂਬਸੂਰਤ ਮਹਿਲ ਦੀ ਉਸਾਰੀ ਕਰਵਾਈ। ਜਦੋਂ 1901 ਵਿੱਚ ਮਹਾਰਾਣੀ ਵਿਕਟੋਰੀਆ ਦਾ ਦਿਹਾਂਤ ਹੋ ਗਿਆ ਤਾਂ ਉਸ ਨੇ ਸ਼ਾਨਦਾਰ ਘੰਟਾਘਰ ਦੀ ਉਸਾਰੀ ਕਰਵਾ ਕੇ ਉਸ ਦੀ ਯਾਦ ਨੂੰ ਪੱਕਾ ਕੀਤ। ਅਪਰੈਲ 1901 ਵਿੱਚ ਸਥਾਨਕ ਮਿਡਲ ਸਕੂਲ ਨੂੰ ਐਂਗਲੋ-ਵਰਨੈਕੂਲਰ ਹਾਈ ਸਕੂਲ ਬਣਾ ਦਿੱਤਾ।

ਫਰੀਦਕੋਟ ਦੇ ਰਾਜਿਆਂ ਵਿੱਚੋਂ ਸਿਰਫ ਬਲਬੀਰ ਸਿੰਘ ਨੂੰ ਕੁਝ ਸਾਹਿਤਕ ਰੁਚੀਆਂ ਸਨ। ਉਸ ਦੀ ਕਿਤਾਬ 'ਏਕ ਰਾਜਾ ਔਰ ਉਸਕਾ ਦੌਰ' ਦੇ ਦੋ ਐਡੀਸ਼ਨ ਛਪੇ। ਇਹ ਕਿਤਾਬ ਲਿਖਣ ਦੀ ਪ੍ਰੇਰਨਾ ਉਸ ਨੂੰ ਸ਼ਾਇਦ ਕਪੂਰਥਲੇ ਦੇ ਰਾਜਾ ਜਗਜੀਤ ਸਿੰਘ ਦੀ 1893 ਵਿੱਚ ਛਪੀ ਕਿਤਾਬ ੋ ਠਰਅਵਏਲਸ ਨਿ ਓਰੋਪਏ ਅਨਦ ਓਮਏਰਚਿਅਤੋਂ ਮਿਲੀ, ਜੋ ਉਸ ਨੇ ਬਲਬੀਰ ਸਿੰਘ ਨੂੰ ਅੱਠ ਮਈ 1899 ਨੂੰ ਭੇਟ ਕੀਤੀ ਸੀ। ਬਲਬੀਰ ਸਿੰਘ ਨੇ ਦੋ ਕਿਤਾਬਾਂ- 'ਮਹਾਰਾਜਾ ਕਪੂਰਥਲਾ ਦਾ ਸਫਰਨਾਮਾ' ਅਤੇ 'ਮਹਾਰਾਣੀ ਕਪੂਰਥਲਾ ਦੀ ਡਾਇਰੀ' ਐਡਿਟ ਵੀ ਕੀਤੀਆਂ। ਇਸ ਰਾਜਕਾਲ ਵਿੱਚ ਇੱਕ ਲਾਇਬਰੇਰੀ ਦੀ ਸਥਾਪਨਾ ਕੀਤੀ ਗਈ ਤੇ ਸਟੇਟ ਛਾਪਾਖਾਨਾ ਲਾਇਆ ਗਿਆ।ਬਦਕਿਸਮਤੀ ਨਾਲ ਬਲਬੀਰ ਸਿੰਘ ਬਹੁਤਾ ਲੰਮਾ ਸਮਾਂ ਰਾਜ ਨਾ ਕਰ ਸਕਿਆ ਤੇ 15 ਫਰਵਰੀ 1906 ਨੂੰ ਉਸ ਦਾ ਦਿਹਾਂਤ ਹੋ ਗਿਆ। ਉਹ ਬੇਔਲਾਦ ਸੀ ਅਤੇ ਉਸ ਦਾ ਛੋਟਾ ਭਰਾ ਕੁੰਵਰ ਗਜ ਇੰਦਰ ਸਿੰਘ 1900 ਵਿੱਚ ਪਹਿਲਾਂ ਪੂਰਾ ਹੋ ਚੁੱਕਾ ਸੀ। ਰਾਜੇ ਨੇ ਆਪਣੇ ਭਤੀਜੇ ਬ੍ਰਿਜ ਇੰਦਰ ਸਿੰਘ (ਜਨਮ 26 ਅਕਤਬਰ 1896) ਨੂੰ ਆਪਣਾ ਵਾਰਿਸ ਐਲਾਨ ਦਿੱਤਾ ਸੀ, ਪਰ ਉਸ ਦੇ ਦਿਹਾਂਤ ਸਮੇਂ ਬ੍ਰਿਜ ਇੰਦਰ ਸਿੰਘ ਦੀ ਉਮਰ ਸਿਰਫ ਦਸ ਸਾਲ ਹੋਣ ਕਾਰਨ ਰਾਜ ਪ੍ਰਬੰਧ ਚਲਾਉਣ ਲਈ ਕਾਊਂਸਿਲ ਆਫ ਰੀਜੈਂਸੀ ਬਣਾਈ ਗਈ। ਇਸ ਰੀਜੈਂਸੀ ਦੇ ਰਾਜਵੇਲੇ ਕਈ ਇਮਾਰਤਾਂ ਦੀ ਉਸਾਰੀ ਹੋਈ, ਜਿਨ੍ਹਾਂ ਵਿੱਚ ਫਰੀਦਕੋਟ ਵਿਖੇ ਮਾਡਲ ਫਾਰਮ (1910), ਡੇਨ ਗ੍ਰੇਨਰੀਜ਼ (ਐਲੀਵੇਟਰ) (1911), ਲੇਡੀ ਡੇਨ ਰਾਣੀ ਸੂਰਜ ਕੌਰ ਜ਼ਨਾਨਾ ਹਸਪਤਾਲ (1911-12), ਸਟੇਟ ਅਸਤਬਲ (1912), ਨਵਾਂ ਗੈਸਟ ਹਾਊਸ (1912), ਬ੍ਰਿਜ ਇੰਦਰ ਹਾਈ ਸਕੂਲ ਅਤੇ ਬੋਰਡਿੰਗ (1913), ਡਿਸਟਿਲਰੀ, ਬੀੜ ਸਿੱਖਾਂਵਾਲਾ ਵਿਖੇ ਸਟੱਡ ਸਟੇਬਲ ਤੇ ਕੋਟਕਪੂਰੇ ਵਿਖੇ ਸਕੂਲ (1911), ਪੁਲਸ ਸਟੇਸ਼ਨ ਤੇ ਆਦਰਸ਼ ਪਿੰਡ ਦੀ ਉਸਾਰੀ ਕਰਵਾਈ।ਬ੍ਰਿਜ ਇੰਦਰ ਸਿੰਘ ਨੇ ਨਵੰਬਰ 1916 ਵਿੱਚ ਸੱਤਾ ਆਪਣੇ ਹੱਥ ਲੈ ਲਈ। ਉਹ ਵੀ ਬਹੁਤਾ ਲੰਮਾ ਸਮਾਂ ਰਾਜ ਨਾ ਕਰ ਸਕਿਆ ਅਤੇ 22 ਦਸੰਬਰ 1918 ਨੂੰ ਇਨਫਲੂਐਂਜ਼ਾ ਨਾਲ ਚੱਲ ਵਸਿਆ। ਉਸ ਦੀ ਮੌਤ ਸਮੇਂ ਉਸ ਦਾ ਵੱਡਾ ਬੇਟਾ ਹਰਇੰਦਰ ਸਿੰਘ ਅਜੇ ਪੂਰੇ ਤਿੰਨ ਸਾਲ ਦਾ ਨਹੀਂ ਸੀ ਹੋਇਆ। ਇਸ ਲਈ ਪ੍ਰਬੰਧਕੀ ਕੰਮਾਂ ਲਈ ਕਾਊਂਸਿਲ ਆਫ ਐਡਮਿਨਿਸਟ੍ਰੇਸ਼ਨ ਬਣਾਈ ਗਈ। ਇਸ ਕਾਊਂਸਿਲ ਨੇ ਡੇਢ ਦਹਾਕੇ ਤੋਂ ਵੱਧ ਸਮਾਂ ਰਾਜ-ਕਾਜ ਚਲਾਇਆ। ਇਸੇ ਸਮੇਂ ਦੌਰਾਨ ਹਰਿੰਦਰਾ ਹਸਪਤਾਲ, ਚੀਫ ਮੈਡੀਕਲ ਅਫਸਰ ਅਤੇ ਲੇਡੀ ਡਾਕਟਰ ਲਈ ਕੋਠੀਆਂ, ਨਵੀਂ ਜੇਲ੍ਹ, ਕਿਲ੍ਹੇ ਅੰਦਰ ਗੁਰਦੁਆਰਾ, ਸਰਕਾਰੀ ਧਰਮਸ਼ਾਲਾ ਅਤੇ ਸਕੱਤਰੇਤ ਵਰਗੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਗਈ।ਰਾਜਾ ਹਰ ਇੰਦਰ ਸਿੰਘ ਨੇ 17 ਅਕਤੂਬਰ 1934 ਨੂੰ ਅਮਲੀ ਤੌਰ ਉੱਤੇ ਸੱਤਾ ਸੰਭਾਲੀ। ਉਸ ਦਾ ਮੁੱਖ ਯੋਗਦਾਨ ਵਿਦਿਆ ਦੇ ਖੇਤਰ ਵਿੱਚ ਸੀ। ਉਸ ਦੇ ਗੱਦੀ ਉੱਤੇ ਬੈਠਣ ਸਮੇਂ ਸਟੇਟ ਵਿਚ ਸਿਰਫ ਇੱਕ ਹਾਈ ਸਕੂਲ ਫਰੀਦਕੋਟ ਤੇ ਇੱਕ ਮਿਡਲ ਸਕੂਲ ਕੋਟਕਪੂਰੇ ਵਿਖੇ ਸੀ। ਉਸ ਨੇ ਫਰੀਦਕੋਟ ਦੇ ਬ੍ਰਿਜ ਇੰਦਰ ਹਾਈ ਸਕੂਲ ਨੂੰ ਬ੍ਰਿਜ ਇੰਦਰ ਕਾਲਜ ਬਣਾ ਦਿੱਤਾ। ਪ੍ਰਾਇਮਰੀ ਅਤੇ ਗ੍ਰੈਜੂਏਟ ਅਧਿਆਪਕਾਂ ਦੀ ਸਿਖਲਾਈ ਲਈ ਜੂਨੀਅਰ ਬੇਸਿਕ ਟਰੇਨਿੰਗ ਸਕੂਲ ਅਤੇ ਬੀ ਟੀ (ਬੇਸਿਕ ਟਰੇਨਿੰਗ) ਕਾਲਜ ਖੋਲ੍ਹੇ। ਇਸ ਤੋਂ ਬਾਅਦ ਬਿਕਰਮ ਕਾਲਜ ਆਫ ਕਾਮਰਸ, ਐਗਰੀਕਲਚਰ ਕਾਲਜ ਅਤੇ ਆਰਟ ਐਂਡ ਕਰਾਫਟ ਸਕੂਲ ਚਲਾਏ। ਉਸ ਸਮੇਂ ਪਿਸ਼ਾਵਰ ਤੋਂ ਦਿੱਲੀ ਤੀਕ ਹੋਰ ਕਾਮਰਸ ਅਤੇ ਬੀ ਟੀ ਕਾਲਜ ਸਿਰਫ ਲਾਹੌਰ ਵਿਖੇ ਸਨ। ਇਨ੍ਹਾਂ ਤੋਂ ਇਲਾਵਾ ਉਸ ਦੀ ਇੰਜੀਨੀਅਰਿੰਗ ਤੇ ਮੈਡੀਕਲ ਕਾਲਜ ਖੋਲ੍ਹਣ ਦੀ ਯੋਜਨਾ ਸੀ, ਜੋ ਸਿਰੇ ਨਾ ਲੱਗ ਸਕੀ। ਹੌਲੀ-ਹੌਲੀ ਸਟੇਟ ਵਿੱਚ ਅੱਠ ਹਾਈ ਸਕੂਲ, ਅਨੇਕਾਂ ਮਿਡਲ ਸਕੂਲ ਅਤੇ ਹਰ ਪਿੰਡ ਇੱਕ ਪ੍ਰਾਇਮਰੀ ਸਕੂਲ ਬਣਾਏ। ਰਾਜਾ ਆਪ ਪੋਲੋ ਦਾ ਖਿਡਾਰੀ ਸੀ। ਇਸ ਲਈ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਉਸ ਨੇ ਵੱਡਾ ਸਟੇਡੀਅਮ ਬਣਵਾਇਆ, ਜੋ ਅੱਜ ਤੀਕ ਵਰਤੋਂ ਵਿੱਚ ਆ ਰਿਹਾ ਹੈ ਤੇ ਵਿਸ਼ਵ ਪੱਧਰ ਦੇ ਖਿਡਾਰੀ ਤਿਆਰ ਕਰ ਰਿਹਾ ਹੈ।ਉਸ ਵੱਲੋਂ ਬਣਵਾਈਆਂ ਇਮਾਰਤਾਂ ਵਿੱਚ ਕੋਟਕਪੂਰੇ ਦਾ ਕੁਈਨ ਮੈਰੀ ਹਸਪਤਾਲ, ਰੱਲੇਵਾਲਾ ਵੈਟਰਨਰੀ ਹਸਪਤਾਲ ਤੇ ਫਰੀਦਕੋਟ ਵਿਖੇ ਪੂਅਰ ਹੋਮ ਅਤੇ ਜੁਬਲੀ ਸਿਨੇਮਾ ਸ਼ਾਮਲ ਹਨ।

ਰਾਜਾ ਹਰ ਇੰਦਰ ਸਿੰਘ ਦੇ ਲੋਕ ਭਲਾਈ ਦੇ ਕੰਮ ਵਧੀਆ ਸਨ, ਪਰ ਸਮਾਂ ਕਰਵਟ ਲੈ ਰਿਹਾ ਸੀ। ਹਿੰਦੋਸਤਾਨੀ ਉੱਪ ਮਹਾਦੀਪ ਦੀ ਰਾਜਨੀਤੀ ਵਿੱਚ ਮੂਲੋਂ ਬਦਲਾਅ ਆ ਰਿਹਾ ਸੀ, ਜਿਸ ਨੂੰ ਹਰ ਇੰਦਰ ਸਿੰਘ ਦੀ ਚੰਗਿਆਈ ਵੀ ਠੱਲ੍ਹ ਨਹੀਂ ਸੀ ਪਾ ਸਕਦੀ। ਬ੍ਰਿਟਿਸ਼ ਹਕੂਮਤ ਦਾ ਸਾਰੇ ਦੇਸ਼ ਵਿੱਚ ਵਿਰੋਧ ਹੋ ਰਿਹਾ ਸੀ। ਅਨੇਕਾਂ ਰਾਜਿਆਂ ਦੀਆਂ ਸਟੇਟਾਂ ਵਿੱਚ ਉਨ੍ਹਾਂ ਦੇ ਤਾਨਾਸ਼ਾਹੀ ਰਾਜ ਵਿਰੁੱਧ ਲੋਕ ਉਠ ਖਲੋਏ। ਲੋਕਾਂ ਦੇ ਅਧਿਕਾਰਾਂ ਲਈ ਲੜਨ ਲਈ ਆਲ ਇੰਡੀਆ ਸਟੇਟਸ ਪੀਪਲਜ਼ ਐਸੋਸੀਏਸ਼ਨ ਬਣ ਗਈ। ਇਸੇ ਲੜੀ ਵਿੱਚ ਫਰੀਦਕੋਟ ਅਤੇ ਪੂਰਬੀ ਪੰਜਾਬ ਦੀਆਂ ਸਟੇਟਾਂ ਵਿੱਚ ਪਰਜਾ ਮੰਡਲ ਲਹਿਰ ਉਠ ਪਈ। ਜਦ ਇਹ ਲਹਿਰ 1938 ਵਿਚ ਸ਼ੁਰੂ ਹੋਈ ਤਾਂ ਪਹਿਲੇ ਪੜਾਅ ਵਿੱਚ ਇਹ ਕਿਰਸਾਨੀ ਦੇ ਸ਼ਿਕਵੇ-ਸ਼ਿਕਾਇਤਾਂ ਦੂਰ ਕਰਨ ਲਈ ਸੀ। ਸਟੇਟ ਨੇ ਇਸ ਨੂੰ ਸਫਲਤਾਪੂਰਵਕ ਦਬਾ ਦਿੱਤਾ। ਲਹਿਰ ਦਾ ਦੂਜਾ ਪੜਾਅ ਅਪ੍ਰੈਲ 1946 ਵਿੱਚ ਸ਼ੁਰੂ ਹੋਇਆ, ਜਿਸ ਵਿੱਚ ਰਾਜ ਵਿੱਚ ਜ਼ਿੰਮੇਵਾਰ ਸਰਕਾਰ ਬਣਾਉਣ ਦੀ ਮੰਗ ਸੀ। ਆਖਰ ਇਸ ਲਹਿਰ ਦੀ ਜਿੱਤ ਹੋਈ। 15 ਜੁਲਾਈ 1948 ਨੂੰ ਆਜ਼ਾਦ ਭਾਰਤ ਦੀ ਸਟੇਟਸ ਮਿਨਿਸਟਰੀ ਨੇ ਫਰੀਦਕੋਟ ਸਟੇਟ ਅਤੇ ਪਟਿਆਲਾ, ਨਾਭਾ, ਮਾਲੇਰਕੋਟਲਾ, ਜੀਂਦ, ਕਪੂਰਥਲਾ, ਨਾਲਾਗੜ੍ਹ ਅਤੇ ਕਲਸੀਆਂ ਨੂੰ ਮਿਲਾ ਕੇ ਪੈਪਸੂ (ਫਅਟਅਿਲਅ ਅਨਦ ਓਅਸਟ ਫੁਨਜਅਬ ੇਟਅਟਏਸ ੂਨੀਂਨ) ਨਾਂਅ ਦਾ ਨਵਾਂ ਸੂਬਾ ਬਣਾ ਦਿੱਤਾ।ਇਸ ਤੋਂ ਪਹਿਲਾਂ ਹਿੰਦੋਸਤਾਨ ਦੀ ਵੰਡ ਹੋ ਚੁੱਕੀ ਸੀ ਤੇ ਪਾਕਿਸਤਾਨ ਬਣ ਗਿਆ ਸੀ। ਮੋਨਾਸ਼ ਯੂਨੀਵਰਸਿਟੀ (ਆਸਟਰੇਲੀਆ) ਦੇ ਵਿਦਵਾਨ ਇਆਨ ਕੋਪਲੈਂਡ ਨੇ ਪਤਾ ਨਹੀਂ ਕਿਸ ਆਧਾਰ ਉੱਤੇ ਰਾਜਾ ਹਰ ਇੰਦਰ ਸਿੰਘ ਉੱਤੇ ਮੁਸਲਮਾਨਾਂ ਦੇ ਕਤਲਾਂ ਦਾ ਦੋਸ਼ ਲਾਇਆ ਹੈ। ਖੁਸ਼ਕਿਸਮਤੀ ਨਾਲ ਅੱਜ ਤੀਕ ਅਨੇਕਾਂ ਅਜਿਹੇ ਲੋਕ ਜਿਊਂਦੇ ਹਨ ਜਿਨ੍ਹਾਂ ਨੇ ਵੰਡ ਆਪਣੀ ਅੱਖੀਂ ਵੇਖੀ ਸੀ। ਇਨ੍ਹਾਂ ਵਿੱਚੋਂ ਹਰੇਕ ਇਹੋ ਦੱਸਦਾ ਹੈ ਕਿ ਰਾਜੇ ਨੇ ਆਪਣੀ ਸਟੇਟ ਦੀ ਸਾਰੀ ਮੁਸਲਿਮ ਵੱਸੋਂ ਸੁਰੱਖਿਅਤ ਫਿਰੋਜ਼ਪੁਰ ਦਾ ਬਾਰਡਰ ਪਾਰ ਕਰਵਾਈ ਸੀ। ਇਸ ਤੋਂ ਬਿਨਾ ਸਾਡੇ ਕੋਲ ਪ੍ਰਸਿੱਧ ਉਰਦੂ ਵਿਦਵਾਨ ਆਇਨ ਅਲ-ਹੱਕ ਦੀ ਗਵਾਹੀ ਹੈ ਜਿਸ ਦਾ ਪਰਵਾਰ ਰਾਜਾ ਹਰ ਇੰਦਰ ਸਿੰਘ ਨੇ ਸੁਰੱਖਿਅਤ ਪਾਕਿਸਤਾਨ ਭੇਜਿਆ ਸੀ। 1972 ਵਿੱਚ ਇਸ ਲੇਖਕ ਨੇ ਉਰਦੂ ਦੇ ਇਤਿਹਾਸ ਬਾਰੇ ਆਪਣੀ ਕਿਤਾਬ 'ਉਰਦੂ ਜ਼ੁਬਾਨ ਕੀ ਕਦੀਮ ਤਾਰੀਖ' ਰਾਜਾ ਹਰ ਇੰਦਰ ਸਿੰਘ ਨੂੰ ਇਨ੍ਹਾਂ ਸ਼ਬਦਾਂ ਨਾਲ ਸਮਰਪਿਤ ਕੀਤੀ :

*ਉਸ ਇਨਸਾਨੀਅਤ ਕੇ ਨਾਮ ਜੋ ਕਿ*
*ਆਜ਼ਾਦੀ ਕੇ ਜਲੌਅ ਮੇਂ ਚਲਨੇ ਵਾਲੀ*
*ਖ਼ੂਨੀ ਆਂਧੀ ਕੇ ਦੌਰਾਨ*
*ਇੱਜ਼ਤ ਮਅਬ ਕਾਬਿਲੇ ਸਦ*
*ਇਹਤਰਾਮ ਮਹਾਰਾਜਾ ਹਰ ਇੰਦਰ*
*ਸਿੰਘ ਸਾਹਿਬ ਬਹਾਦੁਰ ਵਾਲੀ*
*ਰਿਆਸਤ ਫਰੀਦਕੋਟ ਕੇ ਰੂਪ ਮੇਂ*
*ਜ਼ਾਹਿਰ ਹੂਈ*

ਰਾਜਾ ਹਰ ਇੰਦਰ ਸਿੰਘ ਗੱਦੀਨਸ਼ੀਨ ਹੋਣ ਦੇ ਪੂਰੇ 55 ਸਾਲ ਮਗਰੋਂ 16 ਅਕਤੂਬਰ 1989 ਨੂੰ ਚੱਲ ਵੱਸਿਆ। ਉਸ ਦਾ ਇਕਲੌਤਾ ਪੁੱਤਰ ਹਰ ਮਹਿੰਦਰ ਸਿੰਘ ਪਹਿਲਾਂ 10 ਅਕਤੂਬਰ 1983 ਨੂੰ ਮਰ ਗਿਆ ਸੀ। ਇਸ ਦੇ ਨਾਲ ਇਸ ਪਰਵਾਰ ਦੇ ਮਰਦ ਵਾਰਸਾਂ ਦੀ ਲੜੀ ਦਾ ਅੰਤ ਹੋ ਗਿਆ।

# ਭ੍ਰਿਸ਼ਟਾਚਾਰ ਉੱਤੇ ਭਗਵੰਤ ਮਾਨ ਦੇ ਪਹਿਲੇ ਪੰਚ ਨਾਲ ਜਾਗੀਆਂ ਆਸਾਂ

ਡਾ: ਅੰਮ੍ਰਿਤ ਸਾਗਰ ਮਿੱਤਲ

ਭਾਰਤ ਵਿੱਚ ਉਨ੍ਹਾਂ ਨੇਤਾਵਾਂ ਤੇ ਅਫਸਰਾਂ ਦੀ ਸੂਚੀ ਲੰਬੀ ਹੈ, ਜਿਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਜੇਲ੍ਹ ਦੀ ਸਜ਼ਾ ਕੱਟੀ ਹੈ। ਭ੍ਰਿਸ਼ਟਾਚਾਰ ਦੀ ਇਸ ਅਮਰਵੇਲ ਨੂੰ ਸਿੰਜਣ ਵਾਲਿਆਂ ਵਿੱਚ ਪੰਚ, ਸਰਪੰਚ ਤੋਂ ਲੈ ਕੇ ਵਿਧਾਇਕ, ਪਾਰਲੀਮੈਂਟ ਮੈਂਬਰ, ਕੇਂਦਰੀ ਮੰਤਰੀ, ਮੁੱਖ ਮੰਤਰੀ, ਮੁਲਾਜ਼ਮ ਅਤੇ ਅਫਸਰ ਤੱਕ ਸ਼ਾਮਲ ਹਨ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਕਿ ਕਿਸੇ ਮੁੱਖ ਮੰਤਰੀ ਨੇ ਆਪਣੇ ਕੈਬਨਿਟ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਬਰਖਾਸਤ ਕਰ ਕੇ ਖੁਦ ਗ੍ਰਿਫਤਾਰ ਕਰਵਾਇਆ ਹੋਵੇ।

ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਜਿੰਨੀਆਂ ਜ਼ਿਆਦਾ ਡੂੰਘੀਆਂ ਹਨ, ਓਨੇ ਵੱਧ ਦੋਸ਼ੀ ਕਾਨੂੰਨ ਦੀ ਪਕੜ ਤੋਂ ਪਰ੍ਹੇ ਹੁੰਦੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਸਤੰਬਰ 2021 ਦੀ ਰਿਪੋਰਟ ਦੇ ਮੁਤਾਬਕ 2020 ਦੌਰਾਨ 130 ਕਰੋੜ ਤੋਂ ਵੱਧ ਲੋਕਾਂ ਦੇ ਦੇਸ਼ ਵਿੱਚ ਭ੍ਰਿਸ਼ਟਾਚਾਰ ਦੇ ਸਿਰਫ 3100 ਕੇਸ ਦਰਜ ਹੋਏ। 664 ਕੇਸਾਂ ਨਾਲ ਮਹਾਰਾਸ਼ਟਰ ਪਹਿਲੇ ਅਤੇ 143 ਕੇਸ ਦਰਜ ਕਰਨ ਵਾਲਾ ਪੰਜਾਬ ਛੇਵੇਂ ਥਾਂਸੀ। ਦਰਜ ਕੇਸਾਂ ਵਿੱਚ ਵੀ 15 ਫੀਸਦੀ ਤੋਂ ਵੀ ਘੱਟ ਦੋਸ਼ੀਆਂ ਨੂੰ ਸਜ਼ਾ ਇਸ ਗੱਲ ਦਾ ਸੰਕੇਤ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਏਨੀ ਮਜ਼ਬੂਤ ਇੱਛਾ ਸ਼ਕਤੀ ਦੀ ਲੋੜ ਹੈ ਜਿਸ ਦਾ ਸਬੂਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਕੈਬਨਿਟ ਮੰਤਰੀ ਦੀ ਗ੍ਰਿਫਤਾਰੀ ਤੋਂ ਦਿੱਤਾ ਹੈ।

ਭਗਵੰਤ ਮਾਨ ਤੋਂ ਜਨਤਾ ਨੂੰ ਆਸਾਂ ਹਨ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਉਹ ਏਦਾਂ ਅੱਗੇ ਵਧਦੇ ਰਹੇ ਤਾਂ ਇੱਕ ਦਿਨ ਪੰਜਾਬ ਵੀ ਸਿੱਕਮ ਅਤੇ ਯੂ ਟੀ ਲਕਸ਼ਦੀਪ ਦੇ ਬਾਅਦ ਦੇਸ਼ ਦਾ ਤੀਸਰਾ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਹੋਵੇਗਾ। ਐੱਨ ਸੀ ਆਰ ਬੀ ਰਿਪੋਰਟ ਪੁਸ਼ਟੀ ਕਰਦੀ ਹੈ ਕਿ 2018 ਤੋਂ 2020 ਦੌਰਾਨ ਸਿੱਕਮ ਅਤੇ ਲਕਸ਼ਦੀਪ ਵਿੱਚ ਭ੍ਰਿਸ਼ਟਾਚਾਰ ਦਾ ਇੱਕ ਵੀ ਮਾਮਲਾ ਦਰਜ ਨਹੀਂ ਹੋਇਆ।ਆਜ਼ਾਦੀ ਦੇ 75ਵੇਂ ਸਾਲ ਵਿੱਚ ਭ੍ਰਿਸ਼ਟਾਚਾਰ ਨਾਲ ਆਜ਼ਾਦੀ ਦੀ ਜੰਗ ਪੰਜਾਬ ਤੋਂ ਸ਼ੁਰੂ ਹੋ ਕੇ ਦੇਸ਼ ਭਰ ਵਿੱਚ ਅੱਗੇ ਵਧਦੀ ਹੈ ਤਾਂ ਭ੍ਰਿਸ਼ਟਾਚਾਰ ਨਾਲ ਉਪਜੇ ਕਾਲੇ ਧਨ ਦੀ ਵੱਖਰੀ ਅਰਥਵਿਵਸਥਾ ਉੱਤੇ ਲਗਾਮ ਲੱਗੇਗੀ। ਭ੍ਰਿਸ਼ਟਾਚਾਰ ਨਾਲ ਕਮਾਈ ਬੇਨਾਮੀ ਪ੍ਰਾਪਰਟੀ, ਸੋਨਾ ਅਤੇ ਸਵਿਸ ਬੈਂਕ ਵਿੱਚ ਜਮ੍ਹਾ ਕਾਲਾ ਧਨ ਵੀ ਮੁੱਖ ਆਰਥਿਕ ਧਾਰਾ ਵਿੱਚ ਸ਼ਾਮਲ ਹੋਣ ਦੇ ਨਾਲ ਦੇਸ਼ ਨਾ ਸਿਰਫ ਆਤਮਨਿਰਭਰਤਾ ਵੱਲ ਵਧੇਗਾ, ਸਗੋਂ ਸਿੱਖਿਆ, ਸਿਹਤ ਵਰਗੀਆਂ ਮੁੱਢਲੀਆਂ ਸੇਵਾਵਾਂ ਦੀ ਬਿਹਤਰੀ ਦੇ ਨਾਲ ਬੇਰੋਜ਼ਗਾਰੀ ਦੂਰ ਕਰਨ ਵਿੱਚ ਮਦਦ ਮਿਲੇਗੀ।

ਸ਼ਾਇਦ ਹੀ ਕਿਸੇ ਨੇ ਸੋਚਿਆ ਹੋਵੇ ਕਿ 17 ਸਾਲ ਪਹਿਲਾਂ ਜੂਨ 20005 ਵਿੱਚ ਟੈਲੀਵਿਜ਼ਨ ਦੇ ਪਰਦੇ ਉੱਤੇਪੇਸ਼ ਹੋਏ 'ਦਿ ਗ੍ਰੇਟ ਇੰਡੀਅਨ ਲਾਫਟਰ ਚੈਲੇਂਜ' ਦੇ ਮੰਚ ਤੋਂ ਭ੍ਰਿਸ਼ਟਾਚਾਰੀ ਨੇਤਾਵਾਂ ਉੱਤੇ ਵਿਅੰਗ ਕੱਸਣ ਵਾਲਾ ਕਾਮੇਡੀਅਨ ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਭ੍ਰਿਸ਼ਟਾਚਾਰਨੂੰ ਨੱਥ ਪਾਉਣ ਦੇ ਜਨਤਾ ਨਾਲ ਕੀਤੇ ਪਹਿਲੇ ਵਾਅਦੇ ਨੂੰ ਪੂਰਾ ਕਰਨ ਲਈ ਆਪਣੇ ਮੰਤਰੀ ਉੱਤੇ ਪਹਿਲਾ ਪੰਚ ਜੜੇਗਾ।ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਪਾਲਿਸੀ ਦਾ ਇਹ ਸੰਦੇਸ਼ ਦੂਜੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਵੀ ਗਿਆ ਤਦ ਹੀ ਸਾਬਕਾ ਮੁੱਖ ਮੰਤਰੀ ਕੈਪਟਨ



ਅਮਰਿੰਦਰ ਸਿੰਘ ਆਪਣੀ ਸਰਕਾਰ ਦੇ ਸਮੇਂ ਦੇ ਭ੍ਰਿਸ਼ਟ ਮੰਤਰੀਆਂ ਦੀ ਸੂਚੀ ਮਾਨ ਸਰਕਾਰ ਨੂੰ ਸੌਂਪਣ ਲਈ ਤਿਆਰ ਹੋਏ ਹਨ।

ਭ੍ਰਿਸ਼ਟਾਚਾਰ ਉੱਤੇ ਲਗਾਮ ਲਈ 16 ਮਾਰਚ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਦੇ ਅਗਲੇ ਹਫਤੇ ਹੀ ਭਗਵੰਤ ਮਾਨ ਵੱਲੋਂ ਜਾਰੀ ਹੈਲਪਲਾਈਨ ਉੱਤੇ ਢਾਈ ਮਹੀਨੇ ਵਿੱਚ ਬੇਸ਼ੱਕ ਹੀ ਕਿਸੇ ਵੱਡੇ ਭ੍ਰਿਸ਼ਟਾਚਾਰ ਦਾ ਪਰਦਾ ਫਾਸ਼ ਕਰਦੀ ਹੋਈ ਆਡੀਓ-ਵੀਡੀਓ ਕਲਿਪ ਸਾਹਮਣੇ ਨਹੀਂ ਆਈ, ਪਰ ਮੰਤਰੀ ਉੱਤੇਹੋਈ ਸਖਤ ਕਾਰਵਾਈ ਨੇ ਜਨਤਾ ਦਾ ਸਰਕਾਰ ਨਾਲ ਮਿਲ ਕੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਤੇਜ਼ ਕਰਨ ਦਾ ਹੌਸਲਾ ਵਧਾਇਆ ਹੈ।

ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਸ ਤੋਂ ਪਹਿਲਾਂ 2-ਜੀ ਸਪੈਕਟ੍ਰਮ ਦੇ ਵੱਡੇ ਘਪਲੇ ਵਿੱਚ ਉਦੋਂ ਦੇ ਕੇਂਦਰੀ ਟੈਲੀਕਾਮ ਮੰਤਰੀ ਏ ਰਾਜਾ ਨੂੰ ਸਰਕਾਰ ਵਿੱਚ ਮੰਤਰੀ ਹੁੰਦੇ ਹੋਏ ਜੇਲ੍ਹ ਭੇਜਿਆ ਗਿਆ। ਕੇਂਦਰੀ ਕੱਪੜਾ ਮੰਤਰੀ ਰਹੇ ਦਯਾਨਿਧੀ ਮਾਰਨ ਨੂੰ ਅਸਤੀਫਾ ਦੇਣਾ ਪਿਆ। 2010 ਵਿੱਚ ਦਿੱਲੀ ਦੀਆਂ ਕਾਮਨਵੈੱਲਥ ਖੇਡਾਂ ਦੇ ਆਯੋਜਨ ਵਿੱਚ ਘਪਲੇ ਦੇ ਦੋਸ਼ ਵਿੱਚ ਜੇਲ੍ਹ ਜਾਣ ਵਾਲੇ ਕਾਂਗਰਸੀ ਪਾਰਲੀਮੈਂਟ ਮੈਂਬਰ ਸੁਰੇਸ਼ ਕਲਮਾਡੀ ਦੇ ਇਸ ਕਾਂਡ ਦਾ ਖਮਿਆਜ਼ਾ ਕਾਂਗਰਸ ਨੂੰ ਭੁਗਤਣਾ ਪਿਆ। 'ਕੈਸ਼ ਫਾਰ ਵੋਟ' ਕੇਸ ਵਿੱਚ ਦੋਸ਼ ਸੀ ਕਿ ਜੁਲਾਈ 2008 ਵਿੱਚ ਯੂ ਪੀ ਏ ਸਰਕਾਰ ਨਾਲ ਖੱਬੇ ਪੱਖੀ ਪਾਰਟੀਆਂ ਦੇ ਸਮਰਥਨ ਵਾਪਸ ਲੈਣ ਦੇ ਐਲਾਨ ਪਿੱਛੋਂ ਸਰਕਾਰ ਘੱਟਗਿਣਤੀ ਵਿੱਚ ਆ ਗਈ ਸੀ ਅਤੇ ਰਾਸ਼ਟਰਪਤੀ ਨੇ ਸਰਕਾਰ ਨੂੰ ਪਾਰਲੀਮੈਂਟ ਵਿੱਚ ਆਪਣਾ ਬਹੁਮਤ ਸਾਬਤ ਕਰਨ ਲਈ ਕਿਹਾ, ਪਰ ਭਰੋਸੇ ਦੀ ਵੋਟ ਵੇਲੇ ਭਾਜਪਾ ਦੇ ਤਿੰਨ ਪਾਰਲੀਮੈਂਟ ਮੈਂਬਰਾਂ ਨੇ ਪਾਰਲੀਮੈਂਟ ਵਿੱਚ ਨੋਟਾਂ ਦੀਆਂ ਗੱਡੀਆਂ ਉਛਾਲ ਕੇ ਦਾਅਵਾ ਕੀਤਾ ਸੀ ਕਿ ਕਾਂਗਰਸ ਨੇ ਉਨ੍ਹਾਂ ਨੂੰ ਇਹ ਨੋਟ ਉਨ੍ਹਾਂ ਦੇ ਪੱਖ ਵਿੱਚ ਵੋਟ ਪਾਉਣ ਲਈ ਦਿੱਤੇ।

ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਬੀਤੇ ਦਿਨੀਂ ਚਾਰ ਸਾਲ ਕੈਦ ਦੀ ਸਜ਼ਾ ਪਾਉਣ ਵਾਲੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਪਹਿਲਾਂ ਜੇ ਬੀ ਟੀ ਟੀਚਰ ਭਰਤੀ ਘਪਲੇ ਵਿੱਚ 10 ਸਾਲ ਦੀ ਕੈਦ ਕੱਟ ਚੁੱਕੇ ਹਨ। ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਜੇਲ੍ਹ ਜਾਣ ਵਾਲੇ ਰਾਜਾਂ ਦੇ ਸਾਬਕਾ ਮੁੱਖ ਮੰਤਰੀਆਂ ਵਿੱਚ ਲਾਲੂ ਪ੍ਰਸਾਦ ਯਾਦਵ ਤੋਂ ਲੈ ਕੇ ਜੈਲਲਿਤਾ, ਬੀ ਐੱਸ ਯੇਦੀਯੁਰੱਪਾ ਤੱਕ ਸ਼ਾਮਲ ਹਨ। ਉਤਰਾਖੰਡ ਦੇ ਮੁੱਖ ਮੰਤਰੀ ਰਹੇ ਰਮੇਸ਼ ਪੋਖਰਿਆਲ ਨਿਸ਼ੰਕ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਅਹੁਦੇ ਤੋਂ ਲਾਹਿਆ ਗਿਆ। ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਵਧੇਰੇ ਨੇਤਾਵਾਂ ਤੋਂ ਸਖਤ ਕਾਰਵਾਈ ਦੀ ਬਜਾਏ ਪਾਰਟੀਆਂ ਦੀ ਆਪਣੀ ਸਾਖ ਬਚਾਉਣ ਦੀ ਕੋਸ਼ਿਸ਼ ਵਿੱਚ ਭ੍ਰਿਸ਼ਟਾਚਾਰੀ ਨੇਤਾਵਾਂ ਨੂੰ ਸ਼ਹਿ ਮਿਲਦੀ ਰਹੀ।

ਸਾਡੇ ਨੇਤਾਵਾਂ ਤੇ ਬਾਬੂਆਂ ਨੂੰ ਭ੍ਰਿਸ਼ਟਾਚਾਰ ਅੰਗਰੇਜ਼ਾਂ ਤੋਂ ਵਿਰਾਸਤ ਵਿੱਚ ਮਿਲਿਆ ਸੀ। ਅੰਗਰੇਜ਼ਾਂ ਨੇ ਭਾਰਤ ਦੇ ਰਾਜੇ-ਮਹਾਰਾਜਿਆਂ ਨੂੰ ਭ੍ਰਿਸ਼ਟ ਕਰ ਕੇ ਭਾਰਤ ਨੂੰ ਗੁਲਾਮ ਬਣਾਇਆ ਸੀ। ਯੋਜਨਾਬੱਧ ਢੰਗ ਨਾਲ ਉਨ੍ਹਾਂ ਨੇ ਭਾਰਤ ਵਿੱਚ ਭ੍ਰਿਸ਼ਟਾਚਾਰ ਨੂੰ ਆਪਣੇ ਲਈ ਹਥਿਆਰ ਵਾਂਗ ਵਰਤਿਆ ਸੀ। ਅੰਗਰੇਜ਼ਾਂ ਦੇ ਸ਼ਾਸਨ ਵਿੱਚ ਡੂੰਘੀਆਂ ਹੋਈਆਂ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਅਜ਼ਾਦੀ ਦੇ 75 ਸਾਲ ਬਾਅਦ ਵੀ ਸਿੰਜੇ ਜਾਣ ਨਾਲ ਦੇਸ਼ ਦਾ ਵਿਕਾਸ ਅਤੇ ਅਰਥਵਿਵਸਥਾ ਪ੍ਰਭਾਵਤ ਹੋਈ। ਭ੍ਰਿਸ਼ਟਾਚਾਰ ਦੀ ਮਾਰ ਨੇ ਲੱਖਾਂ ਕਰੋੜਾਂ ਨੌਜਵਾਨਾਂ ਦੇ ਸੁਫਨੇ ਚੂਰ ਕੀਤੇ, ਜੋ ਸਰਕਾਰੀ ਨੌਕਰੀਆਂ ਲਈ ਰਿਸ਼ਵਤ ਅਤੇ ਆਪਣੇ ਕੰਮ ਧੰਦੇ ਲਈ ਬੈਂਕਾਂ ਤੋਂ ਕਰਜ਼ੇ ਦੀ ਘਾਟ ਵਿੱਚ ਮਜ਼ਦੂਰੀ ਕਰਦੇ ਜਾਂ ਬੇਰੋਜ਼ਗਾਰਾਂ ਦੀ ਫੌਜ ਵਧਾ ਰਹੇ ਹਨ।

ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਸਾਲ 1985 ਵਿੱਚ ਉੜੀਸਾ ਦੌਰੇ ਦੌਰਾਨ ਆਪਣੇ ਭਾਸ਼ਣ ਵਿੱਚ ਗਰੀਬਾਂ ਦੀ ਹਾਲਤ ਸੁਧਾਰਨ ਲਈ ਚਲਾਈਆਂ ਸਰਕਾਰੀ ਯੋਜਨਾਵਾਂ ਵਿੱਚ ਭ੍ਰਿਸ਼ਟਾਚਾਰ ਦੀ ਗੱਲ ਮੰਨ ਕੇ ਕਿਹਾ ਸੀ, 'ਗਰੀਬਾਂ ਨੂੰ ਭੇਜੇ ਗਏ ਇੱਕ ਰੁਪਏ ਵਿੱਚੋਂ ਮਹਿਜ਼ 15 ਪੈਸੇ ਲੋੜਵੰਦਾਂ ਤੱਕ ਜਾਂਦੇ ਹਨ।' ਵਿਕਾਸ ਕਾਰਜਾਂ ਤੇ ਲੋੜਵੰਦਾਂ ਲਈ ਭਲਾਈ ਯੋਜਨਾਵਾਂ ਵਿੱਚ ਭ੍ਰਿਸ਼ਟਾਚਾਰ ਦੀ ਸੰਨ੍ਹ ਦੂਰ ਕਰਨ ਲਈ ਡਿਜੀਟਲ ਇੰਡੀਆ ਦੀ ਪਹਿਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਵਿੱਚ ਹੋਈ। ਬੈਂਕ ਖਾਤਿਆਂ ਵਿੱਚ ਸਿੱਧੇ ਭੁਗਤਾਨ ਨੇ ਲਾਭਪਾਤਰੀਆਂ ਤੇ ਕਿਸਾਨਾਂ ਦੀ ਪ੍ਰੇਸ਼ਾਨੀ ਦੂਰ ਕੀਤੀ। ਚੋਣਾਂ ਦੇ ਚੰਦੇ ਬਦਲੇ ਸਿਆਸੀ ਪਾਰਟੀਆਂ ਵੱਲੋਂ ਭ੍ਰਿਸ਼ਟਾਚਾਰ ਨੂੰ ਸ਼ਹਿ ਦੇਣ ਉੱਤੇ ਨੱਥ ਪਾਉਣ ਲਈ ਚੋਣਾਂ ਦੇ ਬਾਂਡ ਦੀ ਪਹਿਲ ਨੇ ਇਨ੍ਹਾਂ ਦੇ ਖਰੀਦਦਾਰਾਂ ਦੀ ਪਛਾਣ ਗੁਪਤ ਰੱਖ ਕੇ ਉਨ੍ਹਾਂ ਦੀ ਸ਼ਾਨ ਬਣਾਈ। ਫਿਲਹਾਲ ਆਸ ਹੈ ਕਿ ਭ੍ਰਿਸ਼ਟਾਚਾਰ ਉੱਤੇ ਲਗਾਮ ਲਈ ਅੱਗੇ ਵਧਿਆ ਪੰਜਾਬ ਇੱਕ ਦਿਨ ਭ੍ਰਿਸ਼ਟਾਚਾਰ ਅਤੇ ਬੇਰੋਜ਼ਗਾਰੀ ਮੁਕਤ ਰੰਗਲਾ ਸੂਬਾ ਹੋਵੇਗਾ।

## ਮਿੰਨੀ ਕਹਾਣੀਆਂ

### ਮਜਬੂਰ ਨਾ ਕਰਨਾ

"ਮੇਰੇ ਵਿਚਾਰ ਬਹੁਤ ਸਪੱਸ਼ਟ ਹਨ।" ਦੇਵਕੀ ਰਾਣੀ ਨੇ ਆਪਣੀਆਂ ਦੋ ਸਹੇਲੀਆਂ ਵਿੱਚ ਬੈਠੇ-ਬੈਠੇ ਕਹਿ ਦਿੱਤਾ।

"ਅਸੀਂ ਵੀ ਸੁਣੀਏ।" ਇੱਕ ਨੇ ਕਿਹਾ।

"ਮੇਰੀਆਂ ਦੋ ਪੁੱਤਰੀਆਂ ਹਨ ਤੇ ਇੱਕ ਪੁੱਤਰ। ਤਿੰਨਾਂ ਦੀ ਚੰਗੀ ਪੜ੍ਹਾਈ, ਤਿੰਨਾਂ ਨੂੰ ਚੰਗੇ ਸੰਸਕਾਰ ਅਤੇ ਬੇਟੀਆਂ ਜਿਸ ਘਰ ਵਿੱਚ ਵੀ ਜਾਣ ਉਥੇ ਰਾਜ ਕਰਨ, ਮੇਰੇ ਘਰ ਜੋ ਨੂੰਹ ਆਏ, ਉਹ ਮੇਰੀ ਸੇਵਾ ਵਿੱਚ ਕੋਈ ਕਮੀ ਨਾ ਰੱਖੇ, ਮੈਂ ਅਜਿਹਾ ਚਾਹੁੰਦੀ ਹਾਂ। ਇਹੀ ਕਹਿੰਦੀ ਹਾਂ, ਇਹੀ ਮੰਗਦੀ ਹਾਂ।" ਉਸ ਨੇ ਸਿਰ ਉੱਚਾ ਕਰ ਕੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੀਆਂ ਸਹੇਲੀਆਂ ਨੂੰ ਕਿਹਾ। ਅਤੇਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਉਹ ਆਪਣੀਆਂ ਧੀਆਂ ਲਈ ਮਨ ਚਾਹੇ ਘਰ ਲੱਭਣ ਵਿੱਚ, ਉਨ੍ਹਾਂ ਦੇ ਵਿਆਹ ਕਰਨ ਵਿੱਚ ਸਫਲ ਹੋ ਗਈ। ਦੋਵਾਂ ਨੇ ਆਪੋ-ਆਪਣੇ ਸਹੁਰੇ ਘਰਅਜਿਹੀ ਬਗਾਵਤ ਕੀਤੀ ਕਿ ਸੱਸ-ਸਹੁਰੇ ਨੇ ਹੱਥ ਜੋੜ ਕੇ ਪੁੱਤਰਾਂ ਨੂੰ ਕਹਿ ਦਿੱਤਾ, "ਅਸੀਂ ਇਕੱਲੇ ਰਹਿ ਲਵਾਂਗੇ, ਤੁਸੀਂ ਦੋਵੇਂ ਵੱਖਰਾ ਰਹਿਣਾ ਸ਼ੁਰੂ ਕਰ ਦਿਓ।"

ਵੱਡੇ ਹੋਵੇ ਜਾਂ ਛੋਟੀ ਭੈਣ, ਦੋਵਾਂ ਦੇ ਨਾਟਕ ਸਫਲ ਹੋਏ ਤੇ ਦੇਵਕੀ ਰਾਣੀ ਪਲ-ਪਲ ਦੀ ਖਬਰ ਲੈਂਦੇ ਹੋਏ ਬਹੁਤ ਖੁਸ਼ ਸੀ, ਸਗੋਂ ਕਦਮ-ਕਦਮ ਉੱਤੇ ਸਮਝਾਇਆ ਕਰਦੀ ਸੀ।

ਪੁੱਤਰ ਲਈ ਵੀ ਚੰਗੀ ਲੜਕੀ ਮਿਲ ਗਈ। ਕੁਝ ਹੀ ਦਿਨਾਂ ਵਿੱਚ ਪੁੱਤਰ ਨੇ ਮਾਂ ਨੂੰ ਕਹਿ ਦਿੱਤਾ, "ਮੇਰੇ ਤੋਂ ਕੁਝ ਲੁਕਿਆ ਨਹੀਂ। ਮੇਰੀਆਂ ਭੈਣਾਂ ਉਥੇ ਕੀ ਕਰਦੀਆਂ ਹਨ। ਲੋਕ ਦੱਸਦੇ ਹਨ। ਅਸੀਂ ਪਹਿਲੀ ਤਰੀਕ ਨੂੰ (ਵਿਆਹ ਦੇ ਕੁੱਲ ਦੋ ਮਹੀਨਿਆਂ ਬਾਅਦ) ਵੱਖ ਹੋ ਰਹੇ ਹਾਂ। ਸਾਨੂੰ ਆਪਣੇ ਨਾਲ ਰਹਿਣ ਨੂੰ ਮਜਬੂਰ ਨਾ ਕਰਨਾ। ਇਹ ਵੱਡਾ ਭਵਨ ਤੁਹਾਨੂੰ ਮੁਬਾਰਕ। ਰਹਿੰਦੇ ਰਹੋ ਇਕੱਲੇ। ਅਸੀਂ ਕਿਰਾਏ ਦਾ ਮਕਾਨ ਲੱਭ ਲਿਆ ਹੈ।" ਕਹਿੰਦੇ-ਕਹਿੰਦੇ ਦੇਵਕੀ ਰਾਣੀ ਦਾ ਪੁੱਤਰ ਨਰੇਸ਼ ਕੁਮਾਰ ਤੇਜ਼ੀ ਨਾਲ ਉਠਿਆ ਅਤੇ ਛੱਤ ਉੱਤੇ ਚਲਾ ਗਿਆ ਖੁੱਲ੍ਹਾ ਹਵਾ ਵਿੱਚ।

-ਸੁਦਰਸ਼ਨ ਭਾਟੀਆ

*****

### ਨਵੇਂ ਬੂਟ

ਦਸ ਬਾਰਾਂ ਸਾਲ ਦੇ ਉਸ ਬੱਚੇ ਨੂੰ ਨੰਗੇ ਪੈਰੀਂ ਠੰਢ ਵਿੱਚ ਕੰਬਦਿਆਂ ਵੇਖ ਕੇ ਮੈਂ ਕਿਹਾ, "ਚੱਲ ਸਾਹਮਣੇ ਵਾਲੀ ਦੁਕਾਨ ਤੋਂ ਤੈਨੂੰ ਨਵੇਂ ਬੂਟ ਲੈ ਕੇ ਦਿੰਦਾ ਹਾਂ।"

ਇੰਨਾ ਸੁਣ ਕੇ ਉਹ ਹੋਰ ਜ਼ੋਰ-ਜ਼ੋਰ ਨਾਲ ਕੰਬਣ ਲੱਗਿਆ। ਡਰਦਾ-ਡਰਦਾ ਬੋਲਿਆ, "ਨਹੀਂ, ਨਹੀਂ, ਮੈਨੂੰ ਨਵੇਂ ਬੂਟ ਨਹੀਂ ਚਾਹੀਦੇ। ਫਟੇ-ਪੁਰਾਣੇ ਹਨ ਤਾਂ ਦੇ ਦਿਓ।"

"ਕਿਉਂ? ਤੈਨੂੰ ਨਵੇਂ ਬੂਟ ਤੋਂ ਕੀ ਤਕਲੀਫ ਹੈ?"

ਉਹਨੇ ਏਧਰ-ਓਧਰ ਦੇਖਿਆ, ਫਿਰ ਹੌਲੀ-ਹੌਲੀ ਬੋਲਿਆ, "ਅਜੇ ਦੋ ਦਿਨ ਪਹਿਲਾਂ ਇੱਕ ਬਾਬੂ ਜੀ ਨੇ ਮੈਨੂੰ ਨਵੇਂ ਬੂਟ ਲੈ ਕੇ ਦਿੱਤੇ ਸਨ। ਉਹ ਪਾ ਕੇ ਮੈਂ ਕੁਝ ਦੂਰ ਗਿਆ ਸਾਂ ਕਿ ਇੱਕ ਪੁਲਸ ਵਾਲੇ ਦੀ ਨਿਗ੍ਹਾ ਬੂਟਾਂ ਉੱਤੇ ਪੈ ਗਈ। ਮੇਰੇ ਥੱਪੜ ਜੜ ਕੇ ਬੋਲਿਆ, "ਪਾਟੀ ਪੈਂਟ, ਗੰਦਾ ਕੋਟ ਤੇ ਬ੍ਰਾਂਡ ਨਵੇਂ ਬੂਟ? ਕਿੱਥੋਂ ਚੋਰੀ ਕੀਤੇ ਨੇ? ਕਿਸੇ ਦੇ ਘਰੋਂ ਜਾਂ ਮੰਦਰਤੋਂ! ਬਾਬੂ ਜੀ, ਉਹਨੇ ਕਈ ਥੱਪੜ ਮਰੇ ਤੇ ਬੂਟ ਲੈ ਕੇ ਚਲਾ ਗਿਆ। ਮੈਂ ਦੁਬਾਰਾ ਕੁੱਟ ਨਹੀਂ ਖਾਣੀ ਚਾਹੁੰਦਾ।"


-ਗੋਵਿੰਦ ਸ਼ਰਮਾ





# ਪੰਜਾਬ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ ਬਾਰੇ ਨੋਟੀਫਿਕੇਸ਼ਨ ਅਜੇ ਤਕ ਜਾਰੀ ਨਹੀਂ ਹੋਇਆ

ਚੰਡੀਗੜ੍ਹ, 31 ਮਈ (ਪੋਸਟ ਬਿਊਰੋ)- ਵਿਦੇਸ਼ਾਂ ਵਿੱਚ ਬੈਠੇ ਪੰਜਾਬੀ ਗੈਂਗਸਟਰਾਂ ਵੱਲੋਂ ਸੂਬੇ ਵਿੱਚ ਭਾੜੇ ਦੇ ਕਾਤਲਾਂ ਤੋਂ ਚਲਵਾਈਆਂ ਜਾ ਰਹੀਆਂ ਅਪਰਾਧਕ ਗਤੀਵਿਧੀਆਂ ਨੂੰ ਨੱਥ ਪਾਉਣਾ ਪੰਜਾਬ ਪੁਲਸ ਲਈ ਵੱਡੀ ਚੁਣੌਤੀ ਬਣਦਾ ਜਾਂਦਾ ਹੈ। ਚਰਚਿਤ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀਆਂ ਤਾਰਾਂ ਲਾਰੈਂਸ ਬਿਸ਼ਨੋਈ ਗਰੁੱਪ ਨਾਲ ਪੁਲਸ ਨੇ ਜੋੜ ਦਿੱਤੀਆਂ ਹਨ, ਪਰ ਅਸਲ ਕਾਤਲਾਂ ਨੂੰ ਹੱਥ ਪਾਉਣਾ ਮੁਸ਼ਕਲ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ) ਬਣਾਉਣ ਦਾ ਐਲਾਨ ਕੀਤਾ ਸੀ, ਪਰ ਜਾਣਕਾਰ ਸੂਤਰਾਂ ਮੁਤਾਬਕ ਏ ਜੀ ਟੀ ਐਫ ਦੇ ਬਣਨ ਦਾ ਨੋਟੀਫਿਕੇਸ਼ਨ ਜਾਰੀ ਕਰਨ ਲਈ ਪੁਲਸ ਵੱਲੋਂ ਰਾਜ ਸਰਕਾਰ ਨੂੰ ਭੇਜਿਆ ਗਿਆ ਪ੍ਰਸਤਾਵ ਅਜੇ ਤਕ ਸਿਰੇ ਹੀ ਨਹੀਂ ਚੜ੍ਹਿਆ।





ਵਰਨਣ ਯੋਗ ਹੈ ਕਿ ਪੁਲਸ ਵਿੱਚ ਅਜਿਹੀ ਫੋਰਸ ਦੇ ਬਣਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨਾ ਜ਼ਰੂਰੀ ਹੈ,ਜਿਸ ਨਾਲ ਏ ਜੀ ਟੀ ਐਫ ਵਿੱਚ ਅਫਸਰਾਂ ਦੀ ਤੈਨਾਤੀ ਨੋਟੀਫਿਕੇਸ਼ਨ ਦੇ ਆਧਾਰ ਉੱਤੇ ਹੋਵੇ ਅਤੇ ਫੋਰਸ ਨੂੰ ਅਸਲਾ, ਗੱਡੀਆਂ ਆਦਿ ਦੀ ਅਲਾਟਮੈਂਟ ਦੇ ਨਿਯਮ ਬਣਾਏ ਜਾ ਸਕਣ। ਅਧਿਕਾਰੀਆਂ ਅਨੁਸਾਰ ਓਕੂ (ਆਰਗੇਨਾਈਜ਼ਡ ਕ੍ਰਾਈਮ ਕੰਟਰੋਲ ਯੂਨਿਟ) ਦੇ ਆਧਾਰ ਉੱਤੇ ਹੀ ਹਾਲੇ ਤਕ ਏ ਜੀ ਟੀ ਐਫ ਦਾ ਕੰਮ ਚਲਾਇਆ ਜਾ ਰਿਹਾ ਹਨ। ਸੀਨੀਅਰ ਪੁਲਸ ਅਫਸਰਾਂ ਮੁਤਾਬਕ ਸੂਬੇ ਵਿੱਚ ਪਿਛਲੇ ਦੋ ਕੁ ਸਾਲ ਤੋਂ ਗੈਂਗਵਾਰ ਕਤਲੋ-ਗਾਰਤ ਜਾਂ ਫਿਰੌਤੀ ਦੀਆਂ ਘਟਨਾਵਾਂ ਵਧ ਰਹੀਆਂ ਹਨ ਅਤੇ ਇਹ ਸਾਰੀਆਂ ਗਤੀਵਿਧੀਆਂ ਕੈਨੇਡਾ, ਫਿਲਪੀਨਜ਼, ਬਾਲੀਵੁੱਡ ਅਤੇ ਯੂਰਪ ਦੇ ਕੁਝ ਦੇਸ਼ਾਂ ਵਿਚਲੇ ਗੈਂਗਸਟਰਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਮੇਂ ਦੋ ਦਰਜਨ ਦੇ ਕਰੀਬ ਗੈਂਗਸਟਰ ਵਿਦੇਸ਼ਾਂ ਵਿੱਚੋਂ ਭਾੜੇ ਦੇ ਅਪਰਾਧੀਆਂ ਰਾਹੀਂ ਗਤੀਵਿਧੀਆਂ ਚਲਾ ਰਹੇ ਹਨ, ਪਰ ਲੁਕਵੀਆਂ ਅਪਰਾਧਕ ਗਤੀਵਿਧੀਆਂ ਚਲਾ ਰਹੇ ਬੰਦਿਆਂ ਨੂੰ ਵਿਦੇਸ਼ ਤੋਂ ਵਾਪਸ ਲਿਆਉਣ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ ਅਤੇ ਸਾਲਾਂ ਦਾ ਸਮਾਂ ਲੱਗ ਜਾਂਦਾ ਹੈ।

ਪੰਜਾਬ ਪੁਲਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਦੇ ਜਿਹੜੇ ਗੈਂਗਸਟਰ ਤਿਹਾੜ ਜੇਲ੍ਹ ਵਿੱਚ ਹਨ, ਉਨ੍ਹਾਂ ਦੇ ਵੀ ਇਨ੍ਹਾਂ ਕੰਮਾਂ ਵਿੱਚ ਸ਼ਾਮਲ ਹੋਣ ਦੇ ਪੂਰੇ ਸੰਕੇਤ ਹਨ। ਏਥੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਕਬੱਡੀ ਖਿਡਾਰੀਆਂ ਸਮੇਤ ਹੋਰ ਕਈ ਕਤਲਾਂ ਦੀ ਯੋਜਨਾ ਵਿਦੇਸ਼ ਤੋਂ ਘੜੀ ਹੋਣ ਦੇ ਤੱਥ ਜ਼ਾਹਰ ਹੋ ਚੁੱਕੇ ਹਨ। ਪੰਜਾਬ ਪੁਲਸ ਦੇ ਇੰਟੈਲੀਜੈਂਸ ਹੈੱਡਕੁਆਰਟਰ ਉੱਤੇ ਰਾਕੇਟ ਲਾਂਚਰ ਨਾਲ ਹੋਏ ਹਮਲੇ ਪਿੱਛੇ ਵੀ ਪੁਲਸ ਨੇ ਕੈਨੇਡਾ ਵਿੱਚ ਬੈਠੇ ਗੈਂਗਸਟਰਾਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਸੀ। ਪੁਲਸ ਅਫਸਰਾਂ ਮੁਤਾਬਕ ਸੂਬੇ ਵਿੱਚ ਵਾਰਦਾਤਾਂ ਕਰਨ ਵਾਲੇ ਤਾਂਫੜੇ ਜਾਂਦੇ ਹਨ, ਪਰ ਸਾਜ਼ਿਸ਼ ਘੜਨ ਵਾਲੇ ਬਚ ਜਾਂਦੇ ਹਨ। ਵਿਦੇਸ਼ਾਂ ਤੋਂ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਰਾਜ ਸਰਕਾਰ ਪੂਰੀ ਤਰ੍ਹਾਂ ਕੇਂਦਰ ਸਰਕਾਰ ਉੱਤੇ ਨਿਰਭਰ ਹੈ। ਇਸ ਬਾਰੇ ਕੋਈ ਸਫਲਤਾ ਨਹੀਂ ਮਿਲ ਰਹੀ। ਸੂਤਰਾਂ ਮੁਤਾਬਕ ਪੁਲਸ ਅਧਿਕਾਰੀਆਂ ਨੇ ਸੂਬੇ ਦੇ ਗ੍ਰਹਿ ਵਿਭਾਗ ਰਾਹੀਂ ਕੇਂਦਰੀ ਗ੍ਰਹਿ ਮੰਤਰ-ਾਲੇ ਨੂੰ ਪੰਜਾਬ ਵਿੱਚ ਅਪਰਾਧਕ ਗਤੀਵਿਧੀਆਂ ਚਲਾ ਰਹੇ ਗੈਂਗਸਟਰਾਂ ਨੂੰ ਭਾਰਤ ਲਿਆਉਣ ਲਈ ਪੱਤਰ ਵੀ ਲਿਖੇ ਹਨ, ਪਰ ਕੁਝ ਵੀ ਹੱਥ ਪੱਲੇ ਨਹੀਂ ਪਿਆ।

# ਨਾਨਕਸ਼ਾਹੀ ਕੈਲੰਡਰ ਵਿਵਾਦ: ਪਾਕਿਸਤਾਨ ਵਿਚਲੇ ਗੁਰ-ਧਾਮਾਂ ਦੀ ਯਾਤਰਾ ਲਈ ਜਥਾ ਭੇਜਣਾ ਰੱਦ

ਅੰਮ੍ਰਿਤਸਰ, 31 ਮਈ (ਪੋਸਟ ਬਿਊਰੋ)- ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵਾਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਨਹੀਂ ਭੇਜ ਰਹੀ। ਏਦਾਂ ਪਹਿਲਾਂ ਵੀ ਕੁਝ ਵਾਰ ਹੋ ਚੁੱਕਾ ਹੈ।

ਵਰਨਣ ਯੋਗ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਕਾਰਨ ਇਹ ਸ਼ਹੀਦੀ ਪੁਰਬ ਵੱਖ-ਵੱਖ ਤਰੀਕਾਂ ਉੱਤੇ ਤਿੰਨ ਜੂਨ ਨੂੰ ਭਾਰਤ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅਤੇ 16 ਜੂਨ ਨੂੰ ਪਾਕਿਸਤਾਨ ਵਿੱਚ ਪਾਕਿਸਤਾਨ ਸਿੱਖਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐਸ ਜੀ ਪੀ ਸੀ) ਵੱਲੋਂ ਮਨਾਇਆ ਜਾਣਾ ਹੈ। ਪੀ ਐਸ ਜੀ ਪੀ ਸੀ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸ਼ੁਰੂ ਤੋਂ ਮਾਨਤਾ ਦੇ ਰਹੀ ਹੈ ਅਤੇ ਉਸੇ ਮੁਤਾਬਕ ਗੁਰ-ਪੁਰਬ ਅਤੇ ਹੋਰ ਦਿਹਾੜੇ ਮਨਾ ਰਹੀ ਹੈ, ਜਦ ਕਿ ਸ਼੍ਰੋਮਣੀ ਕਮੇਟੀ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇਂਦੀ ਹੈ।ਪਾਕਿਸਤਾਨ ਵਿਚਲੇ ਔਕਾਫ ਬੋਰਡ ਵੱਲੋਂ ਪਾਕਿਸਤਾਨ ਵਿੱਚ ਮਨਾਏ ਜਾਂਦੇ ਸ਼ਹੀਦੀ ਸਮਾਗਮ ਦੇ ਪ੍ਰੋਗਰਾਮ ਮੁਤਾਬਕ ਹੀ ਸਿੱਖ ਸ਼ਰਧਾਲੂਆਂ ਨੂੰ 16 ਜੂਨ ਵਾਸਤੇ ਵੀਜ਼ੇ ਦਿੱਤੇ ਜਾਣਗੇ, ਜਦ ਕਿ ਸ਼੍ਰੋਮਣੀ ਕਮੇਟੀ ਇਹ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਤਿੰਨ ਜੂਨ ਨੂੰ ਮਨਾ ਰਹੀ ਹੈ ਅਤੇ ਇਸੇ ਮੁਤਾਬਕ ਜਥਾ ਭੇਜਣਾ ਚਾਹੁੰਦੀ ਹੈ। ਇਸ ਮਿਤੀ ਲਈ ਵੀਜ਼ੇ ਮਿਲਣ ਦੀ ਸੰਭਾਵਨਾ ਨਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਹੈ। ਇਸ ਦੇ ਬਾਅਦ ਸ਼੍ਰੋਮਣੀ ਕਮੇਟੀ ਨੇ ਸਿੱਖ ਸ਼ਰਧਾਲੂਆਂ ਦਾ ਜਥਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਭੇਜਣ ਦਾ ਫੈਸਲਾ ਕੀਤਾ ਹੈ। ਇਹ ਬਰਸੀ ਸਮਾਗਮ 29 ਜੂਨ ਨੂੰ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਉੱਤੇਹੋਣਾ ਹੈ। ਇਸ ਲਈ ਸਿੱਖ ਸ਼ਰਧਾਲੂਆਂ ਦਾ ਜਥਾ 21 ਜੂਨ ਨੂੰ ਪਾਕਿਸਤਾਨ ਜਾ ਕੇ 30 ਜੂਨ ਨੂੰ ਵਾਪਸ ਆਵੇਗਾ।




# ਮਜੀਠੀਆ ਉਤੇ ਰਾਜਸੀ ਰੰਜਸ਼ ਕਾਰਨ ਮਾਮਲਾ ਦਰਜ ਕੀਤਾ : ਵਕੀਲ

ਚੰਡੀਗੜ੍ਹ, 31 ਮਈ (ਪੋਸਟ ਬਿਊਰੋ)- ਡਰੱਗਜ਼ ਤਸਕਰਾਂ ਨੂੰ ਪਨਾਹ ਦੇਣ ਦੇ ਕੇਸ ਵਿੱਚ ਜੇਲ੍ਹ ਵਿੱਚ ਬੰਦ ਸਾਬਕਾ ਮਾਲ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਰੈਗੂਲਰ ਜ਼ਮਾਨਤ ਉੱਤੇ ਬਹਿਸ ਕਰਦਿਆਂ ਉਨ੍ਹਾਂ ਦੇ ਵਕੀਲ ਨੇ ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੀ ਡਵੀਜ਼ਨ ਬੈਂਚ ਅੱਗੇ ਪੈਰਵੀ ਕੀਤੀ ਕਿ ਮਜੀਠੀਆ ਵਿਰੁੱਧ ਮੌਜੂਦਾ ਮਾਮਲਾ ਰਾਜਸੀ ਰੰਜਸ਼ ਕਾਰਨ ਦਰਜ ਕੀਤਾ ਗਿਆ ਹੈ।

ਬਿਕਰਮ ਸਿੰਘ ਮਜੀਠੀਆ ਦੇ ਵਕੀਲ ਨੇ ਹਾਈ ਕੋਰਟ ਦਾ ਧਿਆਨ ਦਿਵਾਇਆ ਕਿ ਓਦੋਂ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ,ਓਦੋਂ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓਦੋਂ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਾਰ-ਵਾਰ ਬਿਆਨ ਦਿੱਤੇ ਸਨ ਕਿ ਮਜੀਠੀਆ ਨੂੰ ਡਰੱਗਜ਼ ਕੇਸ ਵਿੱਚ ਅੰਦਰ ਕਰਾਂਗੇ। ਵਕੀਲ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਕਹੇ ਉੱਤੇਓਦੋਂ ਦੇ ਐਕਟਿੰਗ ਡੀ ਜੀ ਪੀ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਬੀ ਓ ਆਈ (ਬਿਊਰੋ ਆਫ ਇਨਵੈਸਟੀਗੇਸ਼ਨ) ਦੇ ਏ ਡੀ ਜੀ ਸੀ ਅਸਥਾਨਾ ਨੂੰ ਇਸ ਕੇਸ ਵਿੱਚ ਸੰਭਾਵਨਾਵਾਂ ਵੇਖਣ ਲਈ ਕਿਹਾ ਸੀ, ਜਿਸ ਉੱਤੇ ਅਸਥਾਨਾ ਨੇ ਆਪਣੇ ਜਵਾਬ ਵਿੱਚ ਕਿਹਾ ਕਿ ਕਿਉਂਕਿ ਇਸ ਬਾਰੇ ਸੀਲਬੰਦ ਰਿਪੋਰਟਾਂ ਹਾਈ ਕੋਰਟ ਵਿੱਚ ਪਈਆਂ ਹਨ, ਇਸ ਲਈ ਨਵਾਂ ਕੇਸ ਦਰਜ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੂੰ ਯਾਦ ਕਰਾਇਆ ਗਿਆ ਕਿ ਇਸ ਪਿੱਛੋਂ ਡੀ ਜੀ ਪੀ ਬਦਲ ਦਿੱਤਾ ਗਿਆ ਅਤੇ ਨਵੇਂ ਬਣਾਏ ਡੀ ਜੀ ਪੀ ਸਿੱਧਾਰਥ



ਚਟੋਪਾਧਿਆਏ ਨੇ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ, ਜਿਸ ਉੱਤੇ ਬੀ ਓ ਆਈ ਦੇ ਮੁਹਾਲੀ ਥਾਣਾ ਵਿਖੇ ਕੇਸ ਦਰਜ ਕੀਤਾ ਗਿਆ ਸੀ।

ਇਸ ਮੌਕੇ ਅਦਾਲਤੀ ਬੈਂਚ ਨੂੰ ਬੇਨਤੀ ਕੀਤੀ ਗਈ ਕਿ ਡਰੱਗਜ਼ ਕੇਸ ਦੀ ਜਾਂਚ ਵੱਖਰੇ ਤੌਰ ਉੱਤੇ ਚਲ ਰਹੀ ਹੈ ਤੇ ਇਸ ਜਾਂਚ ਦੀ ਮਾਨੀਟਰਿੰਗ ਹਾਈ ਕੋਰਟ ਬੈਂਚ ਕਰ ਰਹੀ ਹੈ, ਇਸ ਲਈ ਮਜੀਠੀਆ ਉੱਤੇ ਵੱਖਰਾ ਕੇਸ ਦਰਜ ਨਹੀਂ ਹੋ ਸਕਦਾ ਸੀ। ਇਹ ਵੀ ਕਿਹਾ ਕਿ ਪੰਜ ਮਹੀਨੇ ਤੋਂ ਮਜੀਠੀਆ ਜੇਲ੍ਹ ਵਿੱਚ ਹੈ ਤੇ ਪੁਲਸ ਨੇ ਅਜੇ ਤਕ ਇਸ ਜਾਂਚ ਬਾਰੇ ਕੁਝ ਵੀ ਨਹੀਂ ਦੱਸਿਆ ਤੇ ਜੇ ਚਲਾਨ ਵੀ ਪੇਸ਼ ਕੀਤਾ ਜਾਂਦਾ ਹੈ ਤਾਂ ਜਾਂਚ ਏਜੰਸੀ ਕੋਲ ਕਹਿਣ ਨੂੰ ਕੁਝ ਨਹੀਂ ਹੋਵੇਗਾ, ਕਿਉਂਕਿ ਸ਼ਿਕਾਇਤ ਵਿੱਚ ਸਿਰਫ਼ ਪਨਾਹ ਦੇਣ ਦਾ ਦੋਸ਼ ਲਾਇਆ ਗਿਆ ਹੈ ਅਤੇ ਜੇ ਕੋਈ ਵਿਅਕਤੀ ਕਿਸੇ ਦੇ ਘਰ ਕੁਝ ਲੈ ਕੇ ਆਇਆ ਹੋਵੇ ਤਾਂ ਇਸ ਲਈ ਘਰ ਵਾਲੇ ਨੂੰ ਕਿਵੇਂ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਵਕੀਲ ਨੇ ਕਈ ਹੋਰ ਨੁਕਤੇ ਵੀ ਬੈਂਚ ਮੂਹਰੇ ਚੁੱਕੇ ਕਿ ਡਰੱਗਜ਼ ਕੇਸ ਦੇ ਕਿਸੇ ਵੀ ਦੋਸ਼ੀ ਨੇ ਪਹਿਲਾਂ ਮਜੀਠੀਆ ਬਾਰੇ ਕੁਝ ਨਹੀਂ ਕਿਹਾ ਤੇ ਬਾਅਦ ਵਿੱਚ ਇਹ ਕੇਸ ਦਰਜ ਕੀਤਾ ਗਿਆ ਹੈ, ਜਿਹੜਾ ਸਰਾਸਰ ਗ਼ਲਤ ਹੈ ਤੇ ਇਸ ਕੇਸ ਵਿੱਚ ਮਜੀਠੀਆ ਨੂੰ ਹੋਰ ਸਮਾਂ ਜੇਲ੍ਹ ਵਿੱਚ ਰੱਖਣਾ ਨਾਇਨਸਾਫ਼ੀ ਹੋਵੇਗੀ, ਇਸ ਲਈ ਜ਼ਮਾਨਤ ਮਿਲਣੀ ਚਾਹੀਦੀ ਹੈ।

# ਸਿੱਧੂ ਮੂਸੇਵਾਲਾ ਦੇ ਕਤਲ ਲਈ ਵਰਤੀ ਕਾਰ ਧਰਮਕੋਟ ਤੋਂ ਮਿਲੀ



ਮੋਗਾ, 31 ਮਈ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵੇਲੇ ਜਿਸ ਆਲਟੋ ਕਾਰ ਵਿੱਚ ਕਾਤਲ ਫਰਾਰ ਹੋਏ ਸਨ, ਉਹ ਕੱਲ੍ਹ ਥਾਣਾ ਧਰਮਕੋਟ ਦੀ ਪੁਲਸ ਨੂੰ ਮਿਲ ਗਈ ਹੈ। ਇਹ ਕਾਰ ਧਰਮਕੋਟ ਤੋਂ ਲੁਧਿਆਣਾ ਜਾਂਦੇ ਰਾਹ ਉੱਤੇ ਇੱਕ ਖੇਤ ਵਿੱਚ ਖੜ੍ਹੀ ਮਿਲੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਲਗਭਗ ਦੋ ਵਜੇ ਤੋਂ ਕਾਰ ਇੱਥੇ ਖੜ੍ਹੀ ਸੀ, ਜਿਸ ਦੀ ਸੂਚਨਾ ਉੱਤੇ ਪੁਲਸ ਓਥੇ ਪਹੁੰਚੀ। ਇਸ ਦੇ ਨਾਚੰਡੀਗੜ੍ਹ ਤੋਂ ਆਈ ਫੋਰੈਂਸਿਕ ਵਿਭਾਗ ਦੇ ਮਾਹਰਾਂ ਦੀ ਟੀਮ ਨੇ ਜਾਂਚ ਆਰੰਭ ਦਿੱਤੀ ਹੈ। ਪਤਾ ਲੱਗਾ ਹੈ ਕਿਕਾਰ ਵਿੱਚੋਂ ਪ੍ਰਾਪਤ ਹੋਏ ਸਾਮਾਨ ਵਿੱਚ ਇੱਕ ਨੰਬਰ ਵੀ ਪਲੇਟ ਮਿਲੀ ਹੈ। ਇਸ ਬਾਰੇ ਐਸ ਐਸ ਪੀ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਹਮਲਾਵਰ ਇਸੇ ਕਾਰ ਵਿੱਚ ਫਰਾਰ ਹੋਏ ਸਨ, ਜਿਸ ਨੂੰ ਇੱਥੇ ਛੱਡ ਕੇ ਕਿਸੇ ਹੋਰ ਕਾਰ ਉੱਤੇ ਅੱਗੇ ਗਏ ਹਨ। ਥਾਣਾ ਧਰਮਕੋਟ ਦੇ ਐਸ ਐਚ ਓ ਨੇ ਦੱਸਿਆ ਕਿ ਪਹਿਲਾਂ ਆਲੇ ਦੁਆਲੇ ਦੇ ਲੋਕਾਂ ਨੂੰ ਲੱਗਾ ਕਿ ਕਾਰ ਕਿਸੇ ਨਸ਼ੇੜੀ ਦੀ ਹੋਵੇਗੀ, ਪਰ ਜਦੋਂ ਦੁਪਹਿਰ ਤਕ ਕੋਈ ਨਾ ਆਇਆ ਤਾਂ ਉਨ੍ਹਾਂ ਪੁਲਸ ਨੂੰ ਦੱਸਿਆ।

# ਗਾਇਕ ਮਨਕੀਰਤ ਔਲਖ ਨੂੰ ਵੀ ਧਮਕੀ ਦਿੱਤੀ ਗਈ

ਚੰਡੀਗੜ੍ਹ, 31 ਮਈ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਬੀਤੇ ਦਿਨੀਂ ਗੋਲੀਆਂ ਮਾਰ ਕੇ ਕਤਲ ਕਰ ਦਿੱਤੇ ਜਾਣ ਪਿੱਛੋਂ ਇਸ ਦੀ ਜ਼ਿੰਮੇਵਾਰੀ ਗੋਲਡੀ ਬਰਾੜ ਤੇ ਲਾਰੈਂਸ ਬਿਸ਼ਨੋਈ ਗਿਰੋਹ ਨੇ ਲਈ ਹੈ। ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਵਿੱਕੀ ਗੌਂਡਰ ਗਰੁੱਪ ਦੀ ਇੱਕ ਪੋਸਟ ਜਨਤਕ ਹੋ ਰਹੀ ਹੈ, ਇਸ ਵਿੱਚ ਵਿੱਕੀ ਗੌਂਡਰ ਗਰੁੱਪ ਨੇ ਮਨਕੀਰਤ ਔਲਖ ਨੂੰ ਸਿੱਧੂ ਮੂਸੇਵਾਲਾ ਦੇ ਕਤਲ ਦਾ ਜ਼ਿੰਮੇਵਾਰ ਠਹਿਰਾਇਆ ਹੈ।

ਗੌਂਡਰ ਐਂਡ ਬ੍ਰਦਰਜ਼ ਨਾਂ ਦੀ ਫ਼ੇਸਬੁੱਕ ਉੱਤੇ ਪੋਸਟ ਸਾਂਝੀ ਪਾ ਲਿਖਿਆ ਹੈ, ‘‘ਸਤਿ ਸ੍ਰੀ ਅਕਾਲ ਸਾਰੇ ਵੀਰਾਂ ਤੇ ਭੈਣਾਂ ਨੂੰ, ਮੈਂ ਉਮੀਦ ਕਰਦਾ ਹਾਂ ਤੁਸੀਂ ਸਾਰੇ ਠੀਕ ਹੋਵੋਗੇ। ਕੱਲ੍ਹ ਜੋ ਹੋਇਆ, ਉਹ ਬਹੁਤ ਸ਼ਰਮਨਾਕ ਹੋਇਆ। ਇਹ ਜੋ ਵੀ ਸਿੱਧੂ ਮੂਸੇਵਾਲਾ ਨਾਲ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਜ਼ਿੰਮੇਵਾਰੀ ਚੁੱਕੀ ਜਾਂਦੇ, ਇਹ ਕਤਲ ਸਿਰਫ਼ ਪੈਸਿਆਂ ਪਿੱਛੇ ਹੋਇਆ। ਇਹ ਕਤਲ ਕਰਵਾਉਣ ਵਾਲਾ ਹੋਰ ਕੋਈ ਨਹੀਂ,' ਮਨਕੀਰਤ ਔਲਖ ਹੈ ਅਤੇਉਹ ਜਿੰਨੇ ਵੀ ਗਾਇਕ ਨੇ, ਸਾਰਿਆਂ ਦੀ ਨਿੱਜੀ ਜਾਣਕਾਰੀ ਸਾਂਝੀ ਕਰਦਾ ਹੈ। ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਵੱਲੋਂ ਪੈਸੇ ਹਰ ਗਾਇਕ ਤੋਂ ਜਾਂਦੇ ਹਨ। ਮਨਕੀਰਤ ਔਲਖ ਦੀ ਸੁਰੱਖਿਆ ਵਾਪਸ ਨਹੀਂ ਲਈ, ਕਿਉਂ? ਗੱਲ ਸੋਚਣ ਵਾਲੀ



ਹੈ, ਸ਼ਰਮ ਕਰੋ ਕੁਝ ਪੈਸਿਆਂ ਪਿੱਛੇ ਹੀਰੇ ਵਰਗਾ ਮਾਂ ਦਾ ਪੁੱਤ ਖੋਹ ਲਿਆ। ਬਾਕੀ ਤੂੰ ਇੰਤਜ਼ਾਰ ਕਰ, ਤੇਰੇ ਬਾਹਰ ਰਹਿੰਦੇ ਗੋਲਡੀ ਤੇ ਤੇਰਾ ਇੰਤਜ਼ਾਮ ਪੱਕਾ ਕਰਨਾ, ਇਹੋ ਜਿਹਾ ਕਿੱਲ ਠੋਕਾਂਗੇ ਤੇਰੀਆਂ ਫੱਟੀਆਂ ਵਿੱਚਕਿ ਮੁੜ ਕੇ ਕਿਸੇ ਨੇ ਇਸ ਹਰਕਤ ਕਰਨ ਲੱਗਿਆਂ 100 ਵਾਰ ਸੋਚਣਾ। ਬਾਕੀ ਸਾਡੀ ਬੇਨਤੀ ਹੈ ਜਾਂਚ ਜ਼ਰੂਰ ਹੋਵੇ, ਜੇ ਅਸੀਂ ਕੀਤੀ, ਫਿਰ ਸਭ ਨੂੰ ਪਤਾ ਕੀ ਹੋਣਾ। ਸਾਡਾ ਨਿੱਜੀ ਕੋਈ ਸਬੰਧ ਨਹੀਂ ਹੈ ਸਿੱਧੂ ਨਾਲ, ਬਸ ਇੱਕ ਮਾਂ ਦਾ ਪੁੱਤ ਗਿਆ, ਇਸ ਦਾ ਦੁੱਖ ਹੈ। ਬਾਕੀ ਇਹ ਜਿਹੜੀ ਘਟੀਆ ਗੱਲ ਆਖੀ ਹੈ ਇਨ੍ਹਾਂ ਨੇ, ਉਸ ਦਾ ਸਾਡੇ ਗਰੁੱਪ ਨਾਲ ਕੋਈ ਸਬੰਧ ਨਹੀਂ ਸੀ ਤੇ ਇਹ ਝੂਠ ਹੈ। ਬਾਕੀ ਇਨ੍ਹਾਂ ਦਾ ਪੁਰਾਣਾ ਪੇਸ਼ਾ ਕਤਲ ਕਰ ਕੇ ਆਪਣੇ ਮਾਰੇ ਹੋਏ ਬੰਦਿਆਂ ਦਾ ਵੀ ਇਸਤੇਮਾਲ ਕਰਨਾ, ਜਿਹੜਾ ਅੰਕਿਤ ਭਾਦੂ ਦੇ ਐਨਕਾਊਂਟਰ ਵਿੱਚ ਹੱਥ ਸੀ ਗੁਰਲਾਲ ਬਰਾੜ ਦਾ ਨੁਕਸਾਨ ਕਰਾਇਆ ਬਹੁਤ ਘਟੀਆ ਬੰਦੇ, ਪੈਸੇ ਪਿੱਛੇ ਤਾਂ ਆਪਣੀ ਮਾਂ ਨੂੰ ਵੀ ਕਰ ਦੇਣ, ਕੋਈ ਨਾ ਬਾਕੀ ਜਲਦੀ ਮੁਲਾਕਾਤ ਹੋਵੇਗੀ।''


# ਤੇਜ਼ਧਾਰ ਹਥਿਆਰ ਨਾਲ ਪਤਨੀ ਅਤੇ ਧੀ ਦੀ ਹੱਤਿਆ

ਪਟਿਆਲਾ, 31 ਮਈ (ਪੋਸਟ ਬਿਊਰੋ)- ਪਟਿਆਲਾ-ਦੇਵੀਗੜ੍ਹ ਰੋਡ ਉੱਤੇ ਪਿੰਡ ਭੁਨਰਹੇੜੀ ਵਿੱਚ ਕੱਲ੍ਹ ਇੱਕ ਵਿਅਕਤੀ ਨੇ ਤੇਜ਼ਧਾਰ ਹਥਿਆਰ ਨਾਲ ਆਪਣੀ ਪਤਨੀ ਤੇ ਧੀ ਦੀ ਹੱਤਿਆ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਹਰਪ੍ਰੀਤ ਕੌਰ (45) ਅਤੇ ਉਸ ਦੀ ਧੀ ਨਵਦੀਪ ਕੌਰ (18) ਵਜੋਂ ਹੋਈ ਹੈ, ਜੋ ਪਿੱਛੋਂ ਬੁਢਲਾਡਾ ਖੇਤਰ ਨਾਲ ਸਬੰਧਤ ਸਨ। ਮਿਲੀ ਜਾਣਕਾਰੀ ਅਨੁਸਾਰ ਨਵਦੀਪ ਦੇ ਨਾਂਅ ਚਾਰ ਏਕੜ ਜ਼ਮੀਨ ਸੀ ਅਤੇ ਉਸ ਦਾ ਪਿਤਾ ਫੌਜੀ ਗੁਰਮੁਖ ਸਿੰਘ ਇਹ ਜ਼ਮੀਨ ਆਪਣੇ ਨਾਂਅ ਲਵਾਉਣ ਲਈ ਦਬਾਅ ਪਾ ਰਿਹਾ ਸੀ। ਗੁਰਮੁਖ ਸਿੰਘ ਜੰਮੂ-ਕਸ਼ਮੀਰ ਵਿੱਚ ਤੈਨਾਤ ਸੀ ਅਤੇ ਛੁੱਟੀ ਆਇਆ ਹੋਇਆ ਸੀ। ਜ਼ਮੀਨੀ ਝਗੜੇ ਕਾਰਨ ਇੱਕ ਹਫਤਾ ਪਹਿਲਾਂ ਹਰਪ੍ਰੀਤ ਕੌਰ ਆਪਣੇ ਤਿੰਨ ਬੱਚਿਆਂ ਨਾਲ ਇੱਥੇ ਭੈਣ ਤੇ ਭਣੋਈਏ ਦੇ ਪਿੰਡ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਪਈ। ਕੱਲ੍ਹ ਪਿੰਡ ਦੇ ਬਾਜ਼ਾਰ ਵਿੱਚ ਹਰਪ੍ਰੀਤ ਤੇ ਨਵਦੀਪ ਨੂੰ ਗੁਰਮੁਖ ਸਿੰਘ ਨੇ ਘੇਰ ਲਿਆ। ਉਸ ਨਾਲ ਇੱਕ ਹੋਰ ਵਿਅਕਤੀ ਵੀ ਸੀ। ਪਹਿਲਾਂ ਦੋਵਾਂ ਵਿਚਾਲੇ ਬਹਿਸ ਹੋਈ ਤੇ ਫਿਰ ਗੁਰਮੁਖ ਤੇ ਉਸ ਦੇ ਸਾਥੀ ਨੇ ਦੋਵਾਂ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਹਰਪ੍ਰੀਤ ਤੇ ਨਵਦੀਪ ਨੇ ਭੱਜ ਕੇ ਜਾਨ ਬਚਾਉਣੀ ਚਾਹੀ, ਪਰ ਵਾਰ ਡੂੰਘੇ ਹੋਣ ਕਾਰਨ ਦੋਵਾਂ ਦੀ ਮੌਕੇ ਉੱਤੇ ਮੌਤ ਹੋ ਗਈ। ਮਾਮਲੇ ਦੀ ਜਾਂਚ ਚੱਲ ਰਹੀ ਹੈ ਅਤੇ ਕਤਲ ਦਾ ਮੁੱਢਲਾ ਕਾਰਨ ਜ਼ਮੀਨ ਸਬੰਧੀ ਵਿਵਾਦ ਦੱਸਿਆ ਜਾ ਰਿਹਾ ਹੈ।

# ਭੇਸ ਬਦਲਣ ਵਾਲਾ ਨੌਜਵਾਨ 60 ਏ ਟੀ ਐਮ ਕਾਰਡਾਂ ਸਮੇਤ ਕਾਬੂ

ਸੰਗਰੂਰ, 31 ਮਈ (ਪੋਸਟ ਬਿਊਰੋ)- ਭੇਸ ਬਦਲ ਕੇ ਬਜ਼ੁਰਗਾਂ ਅਤੇ ਘੱਟ ਪੜ੍ਹੇ ਲਿਖੇ ਲੋਕਾਂ ਨਾਲ ਏ ਟੀ ਐਮ ਕਾਰਡ ਬਦਲ ਕੇ ਠੱਗੀਆਂ ਮਾਰਨ ਵਾਲੇ ਲੁਧਿਆਣਾ ਦੇ ਇੱਕ ਨੌਜਵਾਨ ਨੂੰ ਜ਼ਿਲ੍ਹਾ ਸੰਗਰੂਰ ਪੁਲਸ ਵੱਲੋਂ 60 ਏ ਟੀ ਐਮ ਕਾਰਡਾਂ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ।

ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਸ਼ਹਿਰ ਧੂਰੀ ਵਿੱਚ ਏ ਟੀ ਐਮ ਕਾਰਡ ਬਦਲ ਕੇ ਕਿਸੇ ਨਾਲ ਠੱਗੀ ਮਾਰਨ ਦੀ ਫਿਰਾਕ ਵਿੱਚ ਰੇਕੀ ਕਰ ਰਹੇ 32 ਸਾਲਾਂ ਦੇ ਨੌਜਵਾਨ ਨੂੰ ਪੁਲਸ ਨੇ ਕਾਬੂ ਕੀਤਾ ਹੈ, ਜਿਸ ਦੀ ਪਛਾਣ ਸੁਮਿਤ ਕੁਮਾਰ ਵਾਸੀ ਕੋਟ ਮੰਗਲ ਮੁਹੱਲਾ ਲੁਧਿਆਣਾ ਵਜੋਂ ਹੋਈ ਅਤੇ



ਮੁੱਢਲੀ ਪੁੱਛਗਿੱਛ ਵਿੱਚ ਇਸ ਨੇ ਮੰਨਿਆ ਕਿ ਉਹ ਆਪਣਾ ਭੇਸ ਬਦਲ ਕੇ ਲੋਕਾਂ ਨਾਲ ਏ ਟੀ ਐਮ ਵਿੱਚੋਂ ਪੈਸੇ ਕਢਾਉਣ ਮੌਕੇ ਠੱਗੀਆਂ ਮਾਰਦਾ ਅਤੇ ਭੇਸ ਬਦਲਣ ਲਈ ਲੁਧਿਆਣਾ ਦੇ ਗਿੱਲ ਚੌਂਕ ਵਿਚਲੇ ਇੱਕ ਪੱਗੜੀ ਸੈਂਟਰ ਤੋਂ 50 ਰੁਪਏ ਵਿੱਚ ਪੱਗ ਬੰਨ੍ਹਵਾ ਕੇ ਐਨਕਾਂ ਲੱਾ ਲੈਂਦਾ ਸੀ ਤਾਂ ਜੋ ਏ ਟੀ ਐਸ ਵਿੱਚ ਲੱਗੇ ਕੈਮਰਿਆਂ ਵਿੱਚ ਉਸ ਦੀ ਅਸਲ ਪਛਾਣ ਨਾ ਆ ਸਕੇ। ਸੁਮਿਤ ਕੁਮਾਰ ਨੇ ਮੰਨਿਆ ਕਿ ਉਸ ਨੇ 19 ਮਾਰਚ ਨੂੰ ਧੂਰੀ ਵਿਖੇ ਐਸ ਬੀ ਆਈ ਬੈਂਕ ਦੇ ਏ ਟੀ ਐਮ ਵਿੱਚ ਚਮਕੌਰ ਸਿੰਘ ਨਾਂਅ ਦੇ ਵਿਅਕਤੀ ਦਾ ਕਾਰਡ ਬਦਲ ਕੇ 15 ਹਜ਼ਾਰ 500 ਰੁਪਏ ਕਢਵਾਏ ਸਨ। ਨੌਜਵਾਨ ਨੂੰ 27 ਅਪ੍ਰੈਲ ਨੂੰ ਫਤਹਿਗੜ੍ਹ ਸਾਹਿਬ ਵਿਖੇ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਏ ਟੀ ਐਮ ਵਿੱਚ ਪੈਸੇ ਕੱਢਵਾਉਣ ਲਈ ਖੜੇ ਲੋਕਾਂ ਨਾਲ ਬੜੀ ਚਲਾਈ ਨਾਲ ਕਾਰਡ ਦਾ ਪਾਸਵਰਡ ਦੇਖ ਕੇ ਆਪਣੇ ਹੱਥ ਵਿੱਚ ਫੜਿਆ ਕਾਰਡ ਹੇਠਾਂ ਸੁੱਟ ਕੇ ਬਦਲ ਲੈਂਦਾ ਸੀ।

# ਨੂੰਹ ਵੱਲੋਂ ਕੀਤੀ ਕੁੱਟਮਾਰ ਕਾਰਨ ਔਰਤ ਦੀ ਮੌਤ

ਮਾਛੀਵਾੜਾ ਸਾਹਿਬ, 31 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਫਲੌਂਡ ਕਲਾਂ ਵਿਖੇ ਇੱਕ ਬਜ਼ੁਰਗ ਔਰਤ ਸ਼ੀਲਾ (60) ਦੀ ਕੁੱਟਮਾਰ ਨਾਲ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਪਿੰਡ ਰਾਣਵਾਂ ਦੇ ਬਿੱਕਰ ਸਿੰਘ ਦੇ ਅਨੁਸਾਰ ਉਸ ਦੀ ਭੈਣ ਸ਼ੀਲਾ ਕੌਰ (60) ਦਾ ਕਰੀਬ ਚਾਲੀ ਸਾਲ ਪਹਿਲਾਂ ਫਲੌਂਡ ਕਲਾਂ ਵਿਖੇ ਵਿਆਹ ਹੋਇਆ ਸੀ। ਉਹ ਆਪਣੇ ਲੜਕੇ ਤੇ ਨੂੰਹ ਨਾਲ ਰਹਿ ਰਹੀ ਸੀ। ਉਸ ਦੀ ਨੂੰਹ ਅਕਸਰ ਉਸ ਨਾਲ ਝਗੜਾ ਕਰਦੀ ਰਹਿੰਦੀ ਸੀ ਤੇ ਉਸ ਨੂੰ ਉਸ ਦੇ ਪੇਕੇ ਘਰ ਛੱਡ ਆਉਂਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਸ਼ੀਲਾ ਕੌਰ ਦੀ ਨੂੰਹ ਉਸ ਨਾਲ ਪਹਿਲਾਂ ਵੀ ਕੁੱਟਮਾਰ ਕਰਦੀ ਸੀ, ਪ੍ਰੰਤੂ ਕੱਲ੍ਹ ਜਦੋਂ ਉਸ ਦੀ ਨੂੰਹ ਨੇ ਸ਼ੀਲਾ ਕੌਰ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ ਤਾਂ ਉਸ ਦੀ ਮੌਤ ਹੋ ਗਈ। ਇਸ ਦਾ ਪਤਾ ਲੱਗਣ ਉੱਤੇ ਉਸ ਦੇ ਪੇਕਾ ਪਰਵਾਰ ਨੇ ਪਿੰਡ ਫਲੌਂਦ ਕਲਾਂ ਵਿਖੇ ਜਾ ਕੇ ਦੇਖਿਆ ਤਾਂ ਸ਼ੀਲਾ ਕੌਰ ਦੇ ਸਰੀਰ ਉੱਤੇ ਜ਼ਖਮਾਂ ਦੇ ਨਿਸ਼ਾਨ ਸਨ।ਥਾਣਾ ਮੁਖੀ ਨੇ ਦਸਿਆ ਕਿ ਸਾਰੇ ਕੇਸ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਕਾਰਨ ਸਨ ਕਿ ਬਜ਼ੁਰਗ ਔਰਤ ਦੀ ਮੌਤ ਤੱਕ ਗੱਲ ਚਲੀ ਗਈ।

# ਭਾਰਤ-ਪਾਕਿ ਵਿਚਾਲੇ ਅੜਿੱਕਾ ਮੁਕਾਉਣ ਲਈ ਪਰਦੇ ਪਿੱਛੇ ਗੱਲਬਾਤ ਜਾਰੀ

ਇਸਲਾਮਾਬਾਦ, 31 ਮਈ (ਪੋਸਟ ਬਿਊਰੋ)- ਨਵੀਂ ਦਿੱਲੀ ਵਿੱਚ ਭਾਰਤ ਤੇ ਪਾਕਿਸਤਾਨ ਵਿਚਕਾਰ ਸਿੰਧੂ ਜਲ ਬਟਵਾਰੇ ਬਾਰੇ ਬੈਠਕ ਦੌਰਾਨ ਇੱਕ ਪਾਕਿਸਤਾਨੀ ਅਖਬਾਰ ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਤਣਾਅ ਖਤਮ ਕਰਨ ਲਈ ਦੋਵੇਂ ਦੇਸ਼ ਪਰਦੇ ਦੇ ਪਿੱਛੇ ਗੱਲਬਾਤ ਕਰ ਰਹੇ ਹਨ।



ਅਧਿਕਾਰਤ ਸੂਤਰਾਂ ਦੇ ਹਵਾਲੇ ਨਾਲ ਅਖਬਾਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਸਾਲਾਂ ਤੋਂ ਤਣਾਅ ਭਰੇ ਰਹੇ ਦੋਵਾਂ ਦੇਸ਼ਾਂ ਦੇ ਸੰਬੰਧ ਅਗਸਤ 2019 ਵਿੱਚ ਭਾਰਤ ਵੱਲੋਂ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਨਾਲ ਕਾਫੀ ਖਰਾਬ ਹੋ ਗਏ ਸਨ। ਦੋਵਾਂ ਦੇਸ਼ਾਂ ਦੇ ਡਿਪਲੋਮੈਟਿਕ ਸੰਬੰਧਾਂ ਵਿੱਚ ਕੁੜੱਤਣ ਪੈਦਾ ਹੋ ਗਈ, ਦੁਵੱਲੇ ਕਾਰੋਬਾਰ ਮੁਲਤਵੀ ਹਨ ਤੇ ਰਚਨਾਤਮਕ ਗੱਲਬਾਤ ਵੀ ਨਹੀਂ ਹੋ ਰਹੀ।ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਕੰਮ ਸੰਭਾਲਣ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿੱਚ ਪਰਦੇ ਪਿੱਛੇ ਗੱਲਬਾਤ ਸ਼ੁਰੂ ਹੋਈ ਹੈ।ਰਿਪੋਰਟ ਮੁਤਾਬਕ ਇਨ੍ਹਾਂ ਸੰਪਰਕਾਂ ਨਾਲ ਫਰਵਰੀ 2021 ਵਿੱਚ ਜੰਗਬੰਦੀ ਸਮਝੌਤੇ ਦਾ ਨਵੀਨੀਕਰਣ ਹੋਇਆ, ਤਦ ਤੋਂ ਇਸ ਦੀ ਉਲੰਘਣਾ ਦੀ ਕੋਈ ਵੱਡੀ ਘਟਨਾ ਸਾਹਮਣੇ ਨਹੀਂ ਆਈ। ਇਹ ਪ੍ਰਕਿਰਿਆ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦੀ ਬਹਾਲੀ ਵਿੱਚ ਕੋਈ ਵੱਡੀ ਭੂਮਿਕਾ ਨਹੀਂ ਨਿਭਾ ਸਕੀ। ਪਾਕਿਸਤਾਨ ਵਿੱਚ ਨਵੀਂ ਸਰਕਾਰ ਦੇ ਗਠਨ ਪਿੱਛੋਂ ਦੋਵੇਂ ਦੇਸ਼ ਗੱਲਬਾਤ ਦਾ ਰਾਹ ਲੱਭਣ ਵਿੱਚ ਜੁਟ ਗਏ ਹਨ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਇਸ ਨੂੰ ਬੈਕ ਚੈਨਲ, ਟਰੈਕ-2 ਜਾਂ ਪਰਦੇ ਪਿੱਛੇ ਦੀ ਗੱਲਬਾਤ ਕਹਿਣਾ ਸਹੀ ਹੋਵੇਗਾ। ਜਾਣਕਾਰ ਸੂਤਰਾਂ ਨੇ ਗੱਲਬਾਤ ਸ਼ੁਰੂ ਕਰਨ ਦੀ ਕਵਾਇਦ ਲਈ ਅਮਰੀਕਾ ਤੇ ਬ੍ਰਿਟੇਨ ਵਰਗੇ ਪੱਛਮੀ ਦੇਸ਼ਾਂ ਦੇ ਦਬਾਅ ਨੂੰ ਵੀ ਜ਼ਿੰਮੇਵਾਰ ਕਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਪਹਿਲਾਂ ਵਪਾਰਕ ਸੰਬੰਧ ਬਹਾਲ ਕਰਨ ਵਿੱਚ ਦਿਲਚਸਪੀ ਰੱਖਦਾ ਹੈ। ਸਿਖਰਲੇ ਤਿੰਨ ਕਣਕ ਉਤਪਾਦਕ ਦੇਸ਼ਾਂ ਵਿੱਚ ਸ਼ਾਮਲ ਭਾਰਤ ਸੰਕਟਗ੍ਰਸਤ ਪਾਕਿਸਤਾਨ ਨੂੰ ਕਣਕ ਬਰਾਮਦ ਕਰਨਾ ਚਾਹੁੰਦਾ ਹੈ। ਪਾਕਿਸਤਾਨ ਲਈ ਇਹ ਮਤਾ ਚੰਗਾ ਹੋਵੇਗਾ, ਕਿਉਂਕਿ ਉਸ ਲਈ ਭਾਰਤ ਤੋਂ ਕਣਕ ਖਰੀਦਣਾਅ ਤੇ ਢੁਆਈ ਕਰਨਾ ਮੁਕਾਬਲਤਨ ਕਿਫਾਇਤੀ ਹੋਵੇਗਾ। ਪਾਕਿਸਤਾਨੀ ਅਧਿਕਾਰੀ ਦੁਵੱਲੇ ਸੰਬੰਧਾਂ ਦੇ ਮੁਲਤਵੀ ਹੋਣ ਦਾ ਹਵਾਲਾ ਦਿੰਦੇ ਹੋਏ ਇਸ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਦੇ ਹਨ।

# ਮੂਸੇਵਾਲਾ ਕੇਸ ਵਿਚ ਦਿੱਲੀ ਪੁਲਸ ਨੇ ਪਹਿਲਾਂ ਹੀ ਸਾਜ਼ਿਸ਼ ਦੀ ਜਾਣਕਾਰੀ ਭੇਜੀ ਹੋਈ ਸੀ

ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਪੰਜਾਬੀ ਗਾਇਕ ਤੇ ਕਾਂਗਰਸੀ ਨੇਤਾ ਸਿੱਧੂ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਕੈਨੇਡਾ ਵਿਚਲਾ ਗੈਂਗਸਟਰ ਗੋਲਡੀ ਬਰਾੜ ਅਤੇ ਤਿਹਾੜ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਕਈ ਮਹੀਨਿਆਂ ਤੋਂ ਰਚ ਰਹੇ ਸਨ। ਇੱਕ ਮਹੀਨਾ ਪਹਿਲਾਂ ਦਿੱਲੀ ਪੁਲਸ ਦੇ ਸਪੈਸ਼ਲ ਸੈਲ ਦੀ ਕਾਊਂਟਰ ਇੰਟੈਲੀਜੈਂਸ ਟੀਮ ਨੇ ਲਾਰੈਂਸ ਬਿਸ਼ਨੋਈ ਅਤੇ ਕਾਲਾ ਜਠੇੜੀ ਦੇ ਸ਼ੂਟਰ ਸ਼ਾਹਰੁਖ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਉਸ ਨੇ ਪੁੱਛਗਿੱਛ ਦੌਰਾਨ ਆਪਣੇ ਸਰਗਣਿਆਂ ਵੱਲੋਂ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਸੌਂਪਣ ਦੀ ਗੱਲ ਕਹੀ ਸੀ।ਇਸ ਸੂਚਨਾ ਨੂੰ ਪਹਿਲ ਉੱਤੇ ਸੈਲ ਨੇ ਪੰਜਾਬ ਪੁਲਸ ਨਾਲ ਸ਼ੇਅਰ ਕੀਤਾ ਤਾਂ ਕਿ ਸਮਾਂ ਰਹਿੰਦੇ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਸਖਤ ਕੀਤੀ ਜਾ ਸਕੇ।



ਬੀਤੀ 25 ਅਪ੍ਰੈਲ ਨੂੰ ਕਾਊਂਟਰ ਇੰਟੈਲੀਜੈਂਸ ਟੀਮ ਨੇ ਦੱਖਣੀ ਦਿੱਲੀ ਦੇ ਮਦਨਗੀਰ ਤੋਂ ਸ਼ਾਹਰੁਖ, ਸਮੀਰ ਉਰਫ ਉਮਰ, ਤੁਰਕਮਾਨ ਗੇਟ ਦੇ ਯੂਸਫ ਉਰਫ ਰਹਿਮਾਨ ਤੇ ਮਦਨਗੀਰ ਦੇ ਸੁਹੇਲ ਅਰਸ਼ਦ ਨੂੰ ਫੜਿਆ ਸੀ। ਸ਼ਾਹਰੁਖ ਉੱਤੇ ਦਿੱਲੀ ਪੁਲਸ ਵੱਲੋਂ ਦੋ ਲੱਖ ਰੁਪਏ ਦਾ ਇਨਾਮ ਸੀ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਸ ਨੂੰ ਕੁਝ ਮਹੀਨੇ ਪਹਿਲਾਂ ਗੋਲਡੀ ਬਰਾੜ ਅਤੇ ਲਾਰੈਂਸ ਨੇ ਮੈਸੇਜਿੰਗ ਐਪ ਜ਼ਰੀਏ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਸੌਂਪੀ ਸੀ। ਸ਼ਾਹਰੁਖ ਇੱਕ ਹੋਰ ਕੇਸ ਵਿੱਚ 2020 ਵਿੱਚ ਪੈਰੋਲ ਉੱਤੇ ਬਾਹਰ ਆਉਣ ਪਿੱਛੋਂ ਫਰਾਰ ਚੱਲ ਰਿਹਾਸੀ। ਉਸ ਨੇ ਮੂਸੇਵਾਲਾ ਦੀ ਰੇਕੀ ਕਰ ਕੇ ਪਤਾ ਲਾਇਆ ਸੀ ਕਿ ਉਨ੍ਹਾਂ ਦੇ ਗੰਨਮੈਨਾਂ ਕੋਲ ਏ ਕੇ 47 ਅਤੇ ਹੋਰ ਹਥਿਆਰ ਹਨ। ਉਸ ਨੇ ਸਰਗਣਿਆਂ ਨੂੰ ਏ ਕੇ 47 ਦਿਵਾਉਣ ਲਈ ਕਿਹਾ ਸੀ, ਪਰ ਉਹ ਹਥਿਆਰ ਮਿਲਣ ਤੋਂ ਪਹਿਲਾਂ ਹੀ ਫੜਿਆ ਗਿਆ ਸੀ।

## ਚਿੰਤਨ ਪਿੱਛੋਂ ਵੀ ਕਾਂਗਰਸ ਅਸੰਤੁਸ਼ਟਾਂ ਨੂੰ ਸੰਤੁਸ਼ਟ ਨਹੀਂ ਕਰ ਸਕੀ

ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਰਾਜ ਸਭਾ ਲਈ 10 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਕੇਗਰੁੱਪ-23 ਦੇ ਸੀਨੀਅਰ ਨੇਤਾ ਗੁਲਾਮ ਨਬੀ ਆਜ਼ਾਦ ਤੇ ਆਨੰਦ ਸ਼ਰਮਾ ਦੇ ਨਾਲ ਟਿਕਟ ਦੀ ਆਸ ਲਾਈ ਬੈਠੇ ਹੋਰ ਨੇਤਾਵਾਂ ਨੂੰ ਨਿਰਾਸ਼ ਕਰ ਕੇ ਅਸੰਤੁਸ਼ਟ ਨੇਤਾਵਾਂ ਦੀ ਗਿਣਤੀਹੋਰਵਧਾ ਲਈ ਹੈ।

ਪਾਰਟੀ ਦੇ ਅਸੰਤੁਸ਼ਟ ਧੜੇ ਦੇ ਇੱਕ ਸੀਨੀਅਰ ਨੇਤਾ ਦਾ ਕਹਿਣਾ ਹੈ ਕਿ ਰਾਜਸਭਾ ਉਮੀਦਵਾਰਾਂ ਦੀ ਪਾਰਟੀ ਦੀ ਸੂਚੀ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਲਈ ਰਾਜਨੀਤਿਕ ਸੰਤੁਲਨ ਬਣਾ ਕੇ ਚੱਲਣਾ ਕਠਿਨ ਹੈ ਅਤੇ ਚਿੰਤਨ ਕੈਂਪ ਦੇ ਬਾਵਜੂਦ ਉਸ ਦੀ ਨੀਤੀ-ਰੀਤੀ ਵਿੱਚ ਕੋਈ ਸੁਧਾਰ ਨਹੀਂ ਆ ਰਿਹਾ ਅਤੇ ਪਾਰਟੀ ਵਿੱਚ ਅਸੰਤੋਸ਼ ਦੇ ਅਸਲੀ ਕਾਰਨ ਦਾ ਨਿਪਟਾਰਾ ਨਹੀਂ ਹੋ ਰਿਹਾ ਹੈ।ਕਾਂਗਰਸ ਨੇ ਜਿਨ੍ਹਾਂ ਨੇਤਾਵਾਂ ਨੂੰ ਟਿਕਟ ਦਿੱਤਾ ਹੈ, ਉਨ੍ਹਾਂ ਵਿੱਚ ਬਹੁਤਿਆਂ ਨੂੰ ਹਾਈ ਕਮਾਨ ਦੇ ਨਜ਼ਦੀਕੀ ਦੱਸਿਆ ਜਾਂਦਾ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਇਸੇ ਦਾ ਲਾਭ ਮਿਲਿਆ ਹੈ। ਪਾਰਟੀ ਨੇ ਰਾਜਸਥਾਨ ਤੋਂ ਰਣਦੀਪ ਸਿੰਘ ਸੁਰਜੇਵਾਲਾ, ਮੁਕੁਲ ਵਾਸਨਿਕ ਅਤੇ ਪ੍ਰਮੋਦ ਤਿਵਾੜੀ ਨੂੰ ਟਿਕਟ ਦਿੱਤਾ ਹੈ ਅਤੇ ਇਨ੍ਹਾਂ ਤਿੰਨਾਂ ਵਿੱਚੋਂ ਕੋਈ ਵੀ ਰਾਜਸਥਾਨ ਦਾ ਰਹਿਣ ਵਾਲਾ ਨਹੀਂ।ਟਿਕਟ ਨਾ ਮਿਲਣ ਉੱਤੇ ਪਾਰਟੀ ਦੇ ਬੁਲਾਰੇ ਪਵਨ ਖੇੜਾ ਨੇ ਵੀ ਟਵਿਟਰ ਉੱਤੇ ਆਪਣੀ ਇਛਾ ਜ਼ਾਹਿਰ ਕੀਤੀ ਹੈ। ਉਸ ਨੇ ਕਿਹਾ,''ਸਾਡੀ ਤਪਸਿਆ ਵਿੱਚ ਕੋਈ ਕਮੀ ਰਹਿ ਗਈ ਹੋਵੇਗੀ। ਸਾਡੀ 18 ਸਾਲ ਦੀ ਤਪਸਿਆ ਇਮਰਾਨ ਪ੍ਰਤਾਪਗੜ੍ਹੀ ਅੱਗੇ ਘੱਟ ਪੈ ਗਈ।'' ਏਦਾਂ ਦੀ ਪੀੜ ਹੀ ਨਗਮਾ ਨੇ ਵੀਪ੍ਰਗਟ ਕੀਤੀ ਹੈ। ਆਜ਼ਾਦ ਅਤੇ ਆਨੰਦ ਸ਼ਰਮਾ ਦਾ ਟਿਕਟ ਕੱਟਣ ਦੀ ਪਾਰਟੀ ਦੇ ਅੰਦਰ ਅਤੇ ਬਾਹਰ ਕਾਫੀ ਚਰਚਾ ਹੋ ਰਹੀ ਹੈ।

## ਰਾਸ਼ਟਰੀ ਖਪਤਕਾਰ ਕਮਿਸ਼ਨ ਵੱਲੋਂ ਹਸਪਤਾਲ ਤੇ ਉਸ ਦੇ ਡਾਕਟਰ ਨੂੰ ਰਾਹਤ

*** ਕਈ ਵਾਰ ਗਲਤੀ ਹੁੰਦੀ ਹੈ, ਪਰ ਇਹ ਲਾਪਰਵਾਹੀ ਨਹੀਂ ਮੰਨ ਸਕਦੇ**



ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਮੈਡੀਕਲ ਲਾਪਰਵਾਹੀ ਦੇ ਮਾਮਲਿਆਂ ਵਿੱਚ ਰਾਸ਼ਟਰੀ ਖਪਤਕਾਰ ਕਮਿਸ਼ਨ ਨੇ ਅਹਿਮ ਫੈਸਲਾ ਸੁਣਾਇਆ ਹੈ। ਫੋਰਮ ਦੇ ਜਸਟਿਸ ਐਸ ਐਮ ਕਾਂਤੀਕਾਰ ਤੇ ਜਸਟਿਸ ਬਿਨੋਏ ਕੁਮਾਰ ਦੀ ਬੈਂਚ ਨੇ ਇੱਕ ਕੇਸ ਵਿੱਚ ਕਿਹਾ ਹੈ ਕਿ ਜੇ ਕਿਸੇ ਡਾਕਟਰ ਵੱਲੋਂ ਸਰਜਰੀ ਦੌਰਾਨ ਮਰੀਜ਼ ਦੇ ਹਿਤ ਵਿੱਚ ਲਏ ਫੈਸਲੇ ਵਿੱਚ ਗਲਤੀ ਹੋਵੇ ਤਾਂ ਇਸ ਨੂੰ ਮੈਡੀਕਲ ਲਾਪਰਵਾਹੀ ਨਹੀਂ ਮੰਨਿਆ ਜਾ ਸਕਦਾ।

ਆਪਣੀ ਇਸ ਟਿੱਪਣੀ ਨਾਲ ਫੋਰਮ ਨੇ ਕੇਰਲ ਦੇ ਲਾਡਿਸ ਹਸਪਤਾਲ ਅਤੇ ਉਸ ਦੇ ਡਾਕਟਰ ਨੂੰ ਰਾਹਤ ਦਿੱਤੀ ਹੈ ਅਤੇ ਉਨ੍ਹਾਂ ਦੇ ਖਿਲਾਫ ਮੈਡੀਕਲ ਲਾਪਰਵਾਹੀ ਦੀ ਸ਼ਿਕਾਇਤ ਰੱਦ ਕਰ ਦਿੱਤੀ ਹੈ। ਕਮਿਸ਼ਨ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇ ਰਾਜ ਖਪਤਕਾਰ ਕਮਿਸ਼ਨ ਦੇ ਹੁਕਮ ਉੱਤੇ ਹਸਪਤਾਲ ਪ੍ਰਬੰਧਕ ਸ਼ਿਕਾਇਤਕਰਤਾ ਨੂੰ ਤਿੰਨ ਲੱਖ ਰੁਪਏ ਹਰਜਾਨੇ ਦਾ ਭੁਗਤਾਨ ਕਰ ਚੁੱਕਾ ਹੈ ਤਾਂ ਉਹ ਰਕਮ ਵਾਪਸ ਨਹੀਂ ਲਈ ਜਾਏਗੀ। ਕਮਿਸ਼ਨ ਨੇ ਆਪਣੇ ਫੈਸਲੇ ਵਿੱਚ ਪਹਿਲੇ ਕੁਝ ਫੈਸਲਿਆਂ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਕਿਸੇ ਕੇਸ ਵਿੱਚ ਸਰਜਰੀ ਜਾਂ ਇਲਾਜ ਦੌਰਾਨ ਹੋਈ ਘਟਨਾ ਨੂੰ ਲਾਪਰਵਾਹੀ ਨਹੀਂ ਕਿਹਾ ਜਾ ਸਕਦਾ ਤੇ ਇੱਕ ਪੇਸ਼ੇਵਰ ਡਾਕਟਰ ਵੱਲੋਂ ਫੈਸਲੇ ਲੈਣ ਵਿੱਚ ਹੋਈ ਗਲਤੀ ਨੂੰ ਵੀ ਮੈਡੀਕਲ ਲਾਪਰਵਾਹੀ ਨਹੀਂ ਮੰਨਿਆ ਜਾ ਸਕਦਾ। ਕਈ ਵਾਰ ਐਮਰਜੈਂਸੀ ਵਿੱਚ ਜਲਦੀ ਨਾਲ ਕੰਮ ਕਰਨਾ ਹੁੰਦਾ ਹੈ। ਅਜਿਹੇ ਵਿੱਚ ਐਮਰਜੈਂਸੀ ਵਿੱਚ ਤੀਬਰਤਾ ਤੇ ਜਟਿਲਤਾ ਜਿੰਨੀ ਜ਼ਿਆਦਾ ਹੋਵੇਗੀ ਉਸ ਵਿੱਚ ਫੈਸਲਾ ਲੈਣ ਵਿੱਚ ਗਲਤੀ ਹੋਣ ਦੀ ਸੰਭਾਵਨਾ ਵੀ ਓਨੀ ਹੀ ਹੁੰਦੀ ਹੈ। ਕਦੇ-ਕਦੇ ਐਮਰਜੈਂਸੀ ਵਿੱਚ ਪੇਸ਼ੇਵਰ ਡਾਕਟਰ ਨੂੰ ਸ਼ੈਤਾਨ ਜਾਂ ਡੂੰਘੇ ਸਮੁੰਦਰ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਹੈ। ਕਹਿਣ ਦਾ ਅਰਥ ਹੈ ਕਿ ਡਾਕਟਰ ਨੂੰ ਮਰੀਜ਼ ਦੇ ਹਿੱਤ ਵਿੱਚ ਇਹ ਫੈਸਲਾ ਲੈਣਾ ਹੁੰਦਾ ਹੈ ਕਿ ਬੁਰੇ ਤੇ ਜ਼ਿਆਦਾ ਬੁਰੇ ਵਿੱਚੋਂ ਕਿਸ ਨੂੰ ਚੁਣਨ, ਜਿਸ ਤੋਂ ਮਰੀਜ਼ ਨੂੰ ਘੱਟ ਪ੍ਰੇਸ਼ਾਨੀ ਹੋਵੇ। ਡਾਕਟਰ ਨੂੰ ਅਕਸਰ ਸਰਜਰੀ ਜਾਂ ਆਪਰੇਸ਼ਨ ਦੇ ਦੌਰਾਨ ਅਜਿਹੇ ਫੈਸਲੇ ਲੈਣੇ ਪੈਂਦੇ ਹਨ। ਕਈ ਵਾਰ ਖਤਰੇ ਭਰੇ ਇਲਾਜ ਵਿੱਚ ਅਸਫਲਤਾ ਦੀ ਸੰਭਾਵਨਾ ਵੱਧ ਹੁੰਦੀ ਹੈ।

## ਦਿੱਲੀ ਦੰਗਾ ਮਾਮਲੇ ਵਿਚ ਨੇਤਾਵਾਂ ਨੂੰ ਜਵਾਬ ਦੇਣ ਲਈ ਹਾਈ ਕੋਰਟ ਵੱਲੋਂ ਦੋ ਹਫ਼ਤੇ ਦਾ ਸਮਾਂ

ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਫਰਵਰੀ 2020 ਦੇ ਦੰਗਿਆਂ ਨਾਲ ਜੁੜੇ ਕੇਸਾਂ ਵਿੱਚ ਦੋਸ਼ੀ ਨੇਤਾਵਾਂ ਨੂੰ ਦੋ ਹਫਤੇ ਦੇ ਅੰਦਰ ਜਵਾਬ ਦੇਣ ਦੇ ਲਈ ਕਿਹਾ ਹੈ।

ਇਸ ਕੇਸ ਵਿੱਚ ਕੋਈ ਨੇਤਾਵਾਂ ਅਤੇ ਹੋਰ ਲੋਕਾਂ ਨੂੰ ਪਾਰਟੀ ਬਣਾਉਣ ਅਤੇ ਉਸਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਨ ਸਬੰਧੀ ਅਰਜ਼ੀਕਰਤਾਵਾਂਦਾ ਜਵਾਬ ਦੇਣ ਲਈ ਹਾਈ ਕੋਰਟ ਨੇ ਦੋ ਹਫਤੇ ਦੇ ਸਮਾਂ ਦਿੱਤਾ ਹੈ। ਅਰਜ਼ੀਕਰਤਾਵਾਂ ਨੇ ਇਨ੍ਹਾਂ ਨੇਤਾਵਾਂ ਉੱਤੇ ਨਫਰਤੀ ਭਾਸ਼ਣ ਦੇ ਕੇ ਦੰਗਿਆਂ ਦਾ ਮਾਹੌਲ ਬਣਾਉਣ ਦਾ ਦੋਸ਼ ਲਾ ਕੇ ਉਨ੍ਹਾਂ ਖ਼ਿਲਾਫ਼



ਸ਼ਿਕਾਇਤ ਦਰਜ ਕਰਨ ਅਤੇ ਜਾਂਚ ਦੀ ਬੇਨਤੀ ਕੀਤੀ ਹੈ। ਇਸ ਕੇਸ ਵਿੱਚ ਅਗਲੀ ਸੁਣਵਾਈ 4 ਜੁਲਾਈ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿੱਚ ਕੋਰਟ ਨੇ ਇਸ ਕੇਸ ਵਿੱਚ ਦੋ ਐਪਲੀਕੇਸ਼ਨਾਂ ਉੱਤੇ ਅਨੁਰਾਗ ਠਾਕੁਰ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਵਾਡਰਾ, ਦਿੱਲੀ ਦੇ ਉਪ ਮੁਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਕਈ ਨੇਤਾਵਾਂ ਨੂੰ ਨੋਟਿਸ ਜਾਰੀ ਕੀਤਾ ਸੀ।ਅਰਜ਼ੀਕਰਤਾਵਾਂ ਸ਼ੇਖ ਮੁਜਤਬਾ ਫਾਰੂਕ ਨੇ ਇੱਕ ਅਰਜ਼ੀ ਦਾਇਰ ਕੀਤੀ ਹੈ ਜਿਸ ਵਿੱਚ ਅਨੁਰਾਗ ਠਾਕੁਰ, ਕਪਿਲ ਮਿਸ਼ਰਾ, ਪ੍ਰਵੇਸ਼ ਵਰਮਾ ਤੇ ਅਭੈ ਵਰਮਾ ਦੇ ਖ਼ਿਲਾਫ਼ ਅਸ਼ਲੀਲ ਭਾਸ਼ਾ ਦੇ ਲਈ ਕੇਸ ਦਰਜ ਕੀਤੇ ਜਾਣ ਦੀਬੇਨਤੀ ਕੀਤੀ ਹੈ। ਇੱਕ ਅਰਜ਼ੀ'ਲਾਇਰਸ ਵਾਇਸ' ਦੀ ਹੈ ਜਿਸ ਵਿੱਚ ਕਾਂਗਰਸ ਨੇਤਾਵਾਂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਸਮੇਤ ਕਈ ਨੇਤਾਵਾਂ ਦੇ ਖ਼ਿਲਾਫ਼ ਅਸ਼ਲੀਲ ਭਾਸ਼ਾ ਸਬੰਧੀ ਸ਼ਿਕਾਇਤਦਰਜ ਕਰਨ ਦੀਬੇਨਤੀ ਕੀਤੀ ਗਈ ਹੈ। ਦੋਵਾਂ ਦੀ ਸੁਣਵਾਈ ਇਕੱਠੀ ਹੋ ਸਕਦੀ ਹੈ।

## ਕ੍ਰੋਏਸ਼ੀਆ ਵਿੱਚ ਛੋਟਾ ਜਹਾਜ਼ ਹਾਦਸਾਗ੍ਰਸਤ, ਚਾਰ ਲੋਕਾਂ ਦੀ ਮੌਤ



ਜ਼ਗਰੇਬ, 31 ਮਈ (ਪੋਸਟ ਬਿਊਰੋ)- ਕ੍ਰੋਏਸ਼ੀਆ ਵਿੱਚ ਹਫ਼ਤੇ ਦੇ ਅੰਤ ਵਿੱਚ ਰਾਡਾਰ ਤੋਂ ਗਾਇਬ ਹੋਏ ਛੋਟੇ ਜਹਾਜ਼ ਦਾ ਮਲਬਾ ਮਿ-ਲਿਆ ਹੈ, ਜਿਸ ਵਿੱਚ ਸਵਾਰ ਸਾਰੇ ਚਾਰ ਲੋਕਾਂ ਦੀ ਮੌਤ ਹੋ ਗਈ।

ਸਿਵਲ ਡਿਫੈਂਸ ਟੀਮਾਂ ਦੇ ਮੁੱਖੀ ਨੇ ਕਿਹਾ ਕਿ ਖੋਜ ਟੀਮ ਨੂੰ ਸੇਸਨਾ 182 ਜਹਾਜ਼ ਮੱਧ ਕ੍ਰੋਏਸ਼ੀਆ ਵਿੱਚ ਬ੍ਰੋਕਨੈਕ ਨੇੜੇ ਮਿਲਿਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਦੋਂ ਜਹਾਜ਼ ਨੂੰ ਉਪਰੋਂ (ਡਰੋਨ ਤੋਂ) ਦੇਖਿਆ ਗਿਆ ਤਾਂ ਸਰਚ ਟੀਮ ਮੌਕੇ ਉੱਤੇ ਪਹੁੰਚ ਗਈ। ਬਦਕਿਸਮਤੀ ਨਾਲ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ।ਹਾਦਸੇ ਵਿੱਚ ਮਾਰੇ ਗਏ ਲੋਕਾਂ ਦੀ ਨਾਗਰਿਕਤਾ ਦਾ ਖੁਲਾਸਾ ਨਹੀਂ ਕੀਤਾ ਗਿਆ। ਸਰਕਾਰੀ ਐਚ ਆਰ ਟੀ ਟੈਲੀਵਿਜ਼ਨ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਇੱਕ ਸਵਿਸ ਨਾਗਰਿਕ, ਦੋ ਜਰਮਨ ਅਤੇ ਇੱਕ ਕ੍ਰੋਏਸ਼ੀਆਈ ਸ਼ਾਮਲ ਹਨ। ਇਹ ਜਹਾਜ਼ ਸਪਲਿਟ ਦੇ ਐਡਰਿਆਟਿਕ ਸਮੁੰਦਰੀ ਬੰਦਰਗਾਹ ਤੋਂ ਜਰਮਨੀ ਵੱਲ ਉਡਾਣ ਭਰਨ ਪਿੱਛੋਂ ਲਾਪਤਾ ਹੋ ਗਿਆ ਸੀ। ਸਥਾਨਕ ਮੀਡੀਆ ਨੇ ਦੱਸਿਆ ਕਿ ਖੇਤਰ ਵਿੱਚ ਮੌਸਮ ਖ਼ਰਾਬ ਸੀ ਅਤੇ ਪਾਇਲਟ ਨੇ ਕਰੈਸ਼ ਹੋਣ ਤੋਂ ਪਹਿਲਾਂ ਮਦਦ ਲਈ ਅਪੀਲ ਭੇਜੀ ਸੀ।

## ਗੁਰੂ ਗ੍ਰੰਥ ਸਾਹਿਬ ਦਾ ਸਦੀ ਪੁਰਾਣਾ ਸਰੂਪ ਗੁਰ-ਦੁਆਰਾ ਰਕਾਬ ਗੰਜ ਸਾਹਿਬ ਲਿਆਂਦਾ ਗਿਆ

ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਜਸਪ੍ਰੀਤ ਸਿੰਘ ਕਰਮਸਰ ਦੀ ਅਗਵਾਈ ਹੇਠ ਕੱਲ੍ਹ ਸ਼ਾਹਮੁਖੀ ਵਿੱਚ ਲਿਖਿਆ ਤੇਹਰੀ ਸਿੰਘ ਪ੍ਰਿੰਟਰਜ਼, ਲਾਹੌਰ ਦਾ ਛਾਪਿਆਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਦੀ ਪੁਰਾਣਾ ਪਾਵਨ ਸਰੂਪ ਰਾਮ ਪ੍ਰਕਾਸ਼ ਕਵਾਤਰਾ ਦੇ ਪਰਵਾਰ ਤੋਂ ਪ੍ਰਾਪਤ ਕੀਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਦੇਸ਼ ਵੰਡ ਤੋਂ ਪਹਿਲਾਂ ਰਾਮ ਪ੍ਰਕਾਸ਼ ਕਵਾਤਰਾ ਦਾ ਪਰਵਾਰ ਪਾਕਿਸਤਾਨ ਦੇ



ਸਰਗੋਧਾ ਵਿੱਚ ਰਹਿੰਦਾ ਸੀ ਤੇ ਵੰਡ ਪਿੱਛੋਂ ਇਹ ਪਰਵਾਰ ਭਾਰਤ ਆਉਣ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਇਸ ਪਾਵਨ ਸਰੂਪ ਨੂੰ ਨਾਲ ਲਿਆਇਆ ਸੀ। ਇਸ ਮਗਰੋਂ ਜਿੰਨਾ ਚਿਰ ਰਾਮ ਪ੍ਰਕਾਸ਼ ਕਵਾਤਰਾ ਜਿਊਂਦੇ ਰਹੇ, ਉਹ ਖੁਦ ਇਸ ਸਰੂਪ ਦੀ ਸੰਭਾਲ ਕਰਦੇ ਸਨ। ਅੱਗੋਂ ਪਰਵਾਰ ਵਿੱਚ ਕੋਈ ਸ਼ਾਹਮੁਖੀ ਨਹੀਂ ਪੜ੍ਹ ਸਕਦਾ, ਇਸ ਕਰ ਕੇ ਰਾਮ ਪ੍ਰਕਾਸ਼ ਕਵਾਤਰਾ ਦੇ ਪੁੱਤਰ ਰਾਜਿੰਦਰ ਕਵਾਤਰਾ ਨੇ ਇਹ ਸਰੂਪ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਹੈ। ਗੁਰਦੁਆਰਾ ਰਕਾਬ ਗੰਜ ਦੇ ਪ੍ਰਬੰਧਕਾਂ ਵੱਲੋਂ ਕੱਲ੍ਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਦੀ ਅਗਵਾਈ ਹੇਠ ਇਹ ਪਾਵਨ ਸਰੂਪ ਗੁਰਦੁਆਰਾ ਸਾਹਿਬ ਵਿੱਚ ਲਿਆ ਕੇ ਮਰਿਆਦਾ ਅਨੁਸਾਰ ਸੰਭਾਲ ਦਿੱਤਾ ਗਿਆ ਹੈ।

## ਫੋਟੋਗਰਾਫਰ ਦਾ ਪ੍ਰਬੰਧ ਨਾ ਹੋਣ ’ਤੇ ਲਾੜੀ ਵੱਲੋਂ ਵਿਆਹ ਤੋਂ ਨਾਂਹ

ਕਾਨਪੁਰ, 31 ਮਈ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਵਿੱਚ ਲਾੜੀਆਂ ਬਹੁਤ ਬੋਲਡ ਅਤੇ ਜ਼ਿਆਦਾ ਮੰਗ ਕਰਨ ਵਾਲੀਆਂ ਹੁੰਦੀਆਂ ਜਾਂਦੀਆਂ ਹਨ। ਪਿਛਲੇ ਕੁਝ ਹਫਤਿਆਂ ਤੋਂ ਕਈ ਲਾੜੀਆਂ ਨੇ ਆਪਣੇ ਲਾੜੇ ਨਾਲ ਵਿਆਹ ਕਰਨ ਤੋਂ ਮਨ੍ਹਾ ਕਰ ਦਿੱਤਾ, ਕਿਉਂਕਿ ਜਾਂ ਤਾਂ ਉਹ ਨਸ਼ੇ ਵਿੱਚ ਆਇਆ ਜਾਂ ਗੰਜਾ ਸੀ। ਤਾਜ਼ਾ ਕੇਸ ਵਿੱਚ ਇੱਕ ਹੋਰ ਲਾੜੀ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਹੈ, ਕਿਉਂਕਿ ਲਾੜਾ ਫੋਟੋਗਰਾਫਰ ਨਾਲ ਲਿਆਉਣਾ ਭੁੱਲ ਗਿਆ ਸੀ। ਜਦ ਬਾਰਾਤ ਆਈ ਤਾਂ ਲਾੜੀ ਦੇ ਪਰਵਾਰ ਨੇ ਸਵਾਗਤ ਕੀਤਾ ਤੇ ਲਾੜਾ ਅਤੇ ਲਾੜੀ ਜੈਮਾਲਾ ਲਈ ਸਟੇਜ ਉੱਤੇ ਪਹੁੰਚੇ। ਲਾੜੀ ਨੇ ਮਹਿਸੂਸ ਕੀਤਾ ਕਿ ਯਾਦਗਾਰੀ ਪਲਾਂ ਲਈ ਕੋਈ ਫੋਟੋਗਰਾਫਰ ਨਹੀਂ ਹੈ ਅਤੇ ਜਿਸ ਉਤੇ ਉਸਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਸਟੇਜ ਤੋਂ ਆਪਣੇ ਗੁਆਂਢੀ ਦੇ ਘਰ ਚਲੀ ਗਈ। ਸਾਰਿਆਂ ਨੇ ਲੜਕੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਕਿਹਾ ਕਿ ਜਿਸ ਆਦਮੀ ਨੇ ਅੱਜ ਆਪਣੇ ਵਿਆਹ ਦੀ ਪ੍ਰਵਾਹ ਨਹੀਂ ਕੀਤੀ, ਉਹ ਭਵਿੱਖ ਵਿੱਚ ਮੇਰੀ ਦੇਖਭਾਲ ਕਿਵੇਂ ਕਰੇਗਾ? ਪਰਵਾਰ ਦੇ ਬਜ਼ੁਰਗਾਂ ਨੇ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਫਾਇਦਾ ਨਹੀਂ ਹੋਇਆ। ਇਸ ਪਿੱਛੋਂ ਕੇਸ ਥਾਣੇ ਪੁੱਜਾ, ਜਿੱਥੇ ਦੋਵਾਂ ਧਿਰਾਂ ਦੀ ਦਿੱਤੇ ਪੈਸੇ ਤੇ ਕੀਮਤੀ ਸਾਮਾਨ ਵਾਪਸ ਕਰਨਦੀ ਸਹਿਮਤੀ ਹੋ ਗਈ।

# ਅਸੀਂ ਬੰਦੂਕ-ਹਿੰਸਾ ਖ਼ਤਮ ਕਰਨ ਪ੍ਰਤੀ ਦ੍ਰਿੜ੍ਹ ਸੰਕਲਪ ਹਾਂ: ਬਾਈਡਨ

ਸੈਕਰਾਮੈਂਟੋ, 31 ਮਈ (ਪੋਸਟ ਬਿਊਰੋ)- ਰਾਸ਼ਟਰਪਤੀ ਜੋਅ ਬਾਈਡਨ ਤੇ ਫਸਟ ਲੇਡੀ ਜਿਲ ਬਾਈਡਨ ਨੇ ਉਵਾਲਡੇ, ਟੈਕਸਾਸ ਦੇ ਰੌਬ ਐਲੀਮੈਂਟਰੀ ਸਕੂਲ ਵਿੱਚ ਮਾਰੇ ਗਏ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਤੇ ਅਫਸੋਸ ਪ੍ਰਗਟ ਕੀਤਾ। ਸਭ ਤੋਂ ਪਹਿਲਾਂ ਰਾਸ਼ਟਰਪਤੀ ਤੇ ਫਸਟ ਲੇਡੀ ਸਕੂਲ ਵਿੱਚ ਬਣਾਏ ਬੱਚਿਆਂ ਦੇ ਯਾਦਗਾਰੀ ਸਥਾਨ ਉੱਤੇ ਗਏ, ਜਿੱਥੇ ਬੱਚਿਆਂ ਦੀਆਂ ਤਸਵੀਰਾਂ ਰੱਖੀਆਂ ਗਈਆਂ ਸਨ। ਉਨ੍ਹਾਂ ਨੇ ਹਰ ਤਸਵੀਰ ਨੂੰ ਗਹੁ ਨਾਲ ਵੇਖਿਆ ਤੇ ਤਸਵੀਰਾਂ ਨੂੰ ਆਪਣੇ ਹੱਥ ਨਾਲ ਛੂਹਿਆ। ਇਸ ਮੌਕੇ ਫਸਟ



ਲੇਡੀ ਜਿਲ ਦੀਆਂ ਅੱਖਾਂ ਵਿੱਚੋਂ ਹੰਝੂ ਆਪ ਮੁਹਾਰੇ ਵਹਿ ਤੁਰੇ, ਜੋ ਉਨ੍ਹਾਂ ਦੇ ਲਾਈਆਂ ਕਾਲੀਆਂ ਐਨਕਾਂ ਵਿੱਚੋਂ ਬਾਹਰ ਨਿਕਲਦੇ ਨਜ਼ਰ ਆ ਰਹੇ ਸਨ। ਬਾਅਦ ਵਿੱਚ ਰਾਸ਼ਟਰਪਤੀ ਤੇ ਜਿਲ ਉਵਾਲਡੇ ਦੇ ਸੈਕਰਡ ਹਰਟ ਕੈਥੋਲਿਕ ਚਰਚ ਗਏ।

ਉਵਾਲਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਨੇ ਟਵਿੱਟਰ ਉਪਰ ਲਿਖਿਆ ਕਿ ਹਰ ਕੋਈ ਜੋ ਉਵਾਲਡੇ, ਟੈਕਸਾਸ ਦੇ ਐਲੀਮੈਂਟਰੀ ਸਕੂਲ ਵਿੱਚ ਹੋਈ ਭਿਆਨਕ ਗੋਲੀਬਾਰੀ ਤੋਂ ਪ੍ਰਭਾਵਿਤ ਹੈ, ਅਸੀਂ ਉਸਦੇ ਦੁੱਖ ਵਿੱਚ ਸ਼ਰੀਕ ਹਾਂ। ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਾਂ। ਇਸੇ ਦੌਰਾਨ ਨਿਆਂ ਵਿਭਾਗ ਨੇ ਐਲਾਨ ਕੀਤਾ ਕਿ ਉਹ ਉਵਾਲਡੇ ਵਿੱਚ ਹੋਈਆਂ ਸਮੂਹਿਕ ਹੱਤਿਆਵਾਂ ਦੀ ਘਟਨਾ ਪ੍ਰਤੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਦੀ ਜਾਂਚ ਕਰਨਗੇ ਤੇ ਜਾਇਜ਼ਾ ਲੈਣਗੇ। ਪੁਲਸ ਦੀ ਢਿੱਲੀ ਕਾਰਵਾਈ ਨੂੰ ਲੈ ਕੇ ਮਾਪਿਆਂ ਵਿੱਚ ਭਾਰੀ ਰੋਸ ਵੇਖਣ ਨੂੰ ਮਿਲਿਆ ਹੈ।

## ਵਿਦਿਆਰਥਣਾਂ ਨੇ ਡੀ ਸੀ ਤੋਂ ਕਾਲਜ ਕੈਂਪਸ ਵਿੱਚ ਹਿਜਾਬ ਪਹਿਨਣ ਦੀ ਮਨਜ਼ੂਰੀ ਮੰਗੀ



ਮੰਗਲੁਰੂ, 31 ਮਈ (ਪੋਸਟ ਬਿਊਰੋ)- ਕਰਨਾਟਕ ਵਿੱਚ ਕੱਲ੍ਹ ਹਿਜਾਬ ਬਾਰੇ ਵਿਵਾਦ ਫਿਰ ਭੜਕ ਗਿਆ ਹੈ, ਕਿਉਂਕਿ ਮੰਗਲੁਰੂ ਯਨੀਵਰਸਿਟੀ ਦੀਆਂ ਕੁਝ ਵਿਦਿਆਰਥਣਾਂ ਨੇ ਦੱਖਣ ਕੰਨੜ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਜਾ ਕੇ ਕੈਂਪਸ ਵਿੱਚ ਹਿਜਾਬ ਨੂੰਪਹਿਨਣ ਦੀ ਇਜਾਜ਼ਤ ਮੰਗੀ ਹੈ।

ਵਿਦਿਅਕ ਸੰਸਥਾਵਾਂ ਵਿੱਚ ਹਿਜਾਬ ਪਹਿਨਣ ਦੀ ਮੰਗ ਕਰਨ ਵਾਲੀਆਂ 12 ਵਿਦਿਆਰਥਣਾਂ ਕੱਲ੍ਹ ਯੂਨੀਵਰਸਿਟੀ ਕਾਲਜ ਵਿੱਚ ਵੀ ਆਈਆਂ। ਵਿਦਿਆਰਥਣਾਂ ਲਈ ‘ਡਰੈਸ ਕੋਡ’ ਹੋਣ ਕਾਰਨ ਯੂਨੀਵਰਸਿਟੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਪਹਿਲਾਂ ਵਾਂਗ ਕੱਲ੍ਹ ਵੀ ਦਾਖ਼ਲ ਨਹੀਂ ਹੋਣ ਦਿੱਤਾ। ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਨ ਉੱਤੇ ਤਿੰਨ ਵਿਦਿਆਰਥਣਾਂ ਨੇ ਉਨ੍ਹਾਂ ਦੇ ਦਫ਼ਤਰ ਜਾ ਕੇ ਮੰਗ ਪੱਤਰ ਸੌਂਪਿਆ। ਡਿਪਟੀ ਕਮਿਸ਼ਨਰ ਡਾ. ਰਾਜਿੰਦਰ ਕੇਵੀ ਨੇ ਕਿਹਾ ਕਿ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਹਿਜਾਬ ਜਾਂ ਭਗਵੇਂ ਸਕਾਰਫ ਜਾਂ ਅਜਿਹੇ ਕਿਸੇ ਕੱਪੜੇ ਨੂੰ ਪਹਿਨਣ ਦੀ ਇਜਾਜ਼ਤ ਨਾ ਦੇਣ ਦਾ ਫ਼ੈਸਲਾ ਕੀਤਾ ਹੈ ਜੋ ਸ਼ਾਂਤੀ ਭੰਗ ਕਰ ਸਕਦਾ ਹੈ। ਇਸ ਤੋਂ ਬਾਅਦ ਕਾਲਜ ਪ੍ਰਬੰਧਕਾਂ ਨੇ ਉਨ੍ਹਾਂ ਦੇ ਦਾਖ਼ਲੇ ਉੱਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਨੇ ਹਾਈ ਕੋਰਟ ਦੇ ਤਾਜ਼ਾ ਫ਼ੈਸਲੇ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਹਿਜਾਬ ਇੱਕ ਜ਼ਰੂਰੀ ਧਾਰਮਿਕ ਪਰੰਪਰਾ ਨਹੀਂਅਤੇ ਕਾਲਜਾਂ ਵਿੱਚ ਇੱਕ ‘ਡਰੈਸ ਕੋਡ’ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਪਹਿਰਾਵਾ ਨਿਰਧਾਰਤ ਕੀਤਾ ਗਿਆ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਰਾਜਿੰਦਰ ਨੇ ਦੱਸਿਆ ਕਿ ਯੂਨੀਵਰਸਿਟੀ ਸਿੰਡੀਕੇਟ ਦੇ ਹੁਕਮਾਂ ਤੋਂ ਨਾਰਾਜ਼ ਕੁਝ ਵਿਦਿਆਰਥਣਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਉਨ੍ਹਾਂ ਦੱਸਿਆ,''ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਸਿੰਡੀਕੇਟ ਮੈਂਬਰਾਂ ਦੇ ਫ਼ੈਸਲੇ ਨੂੰ ਜ਼ਿਲ੍ਹਾ ਪੱਧਰ ਉੱਤੇ ਚੁਣੌਤੀ ਨਹੀਂ ਦੇ ਸਕਦਾ ਅਤੇ ਤੁਹਾਨੂੰ ਸਿੰਡੀਕੇਟ ਦੇ ਹੁਕਮਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਾਨੂੰਨੀ ਪਹਿਲੂਆਂ ਨੂੰ ਦੇਖਣਾ ਹੋਵੇਗਾ। ਮੈਂ ਉਨ੍ਹਾਂ ਨੂੰ ਕਾਲਜ ਕੈਂਪਸ ਵਿੱਚ ਸ਼ਾਂਤੀ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ ਹੈ।''

## ਭਾਰਤ ਵਿੱਚ 5ਜੀ ਸਪੈਕਟਰਮ ਦੀ ਨੀਲਾਮੀ ਉੱਤੇ ਕੰਮ ਸ਼ੁਰੂ

ਨਵੀਂ ਦਿੱਲੀ, 31 ਮਈ (ਪੋਸਟ ਬਿਊਰੋ)- ਕੇਂਦਰੀ ਮੰਤਰੀ ਅਸ਼ਵਨੀ ਵੈਸ਼ਣਵ ਨੇ ਦੱਸਿਆ ਹੈ ਕਿ ਭਾਰਤ ਵਿੱਚ 5ਜੀ ਸਪੈਕਟਰਮ ਦੀ ਨੀਲਾਮੀ ਉੱਤੇ ਜ਼ਮੀਨੀ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਸਾਲ ਇਸਦੀ ਸੇਵਾ ਸ਼ੁਰੂ ਕੀਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਦੂਰਸੰਚਾਰ ਦੇ ਮਾਮਲੇ ਵਿੱਚ ਭਾਰਤ ਦੁਨੀਆ ਦਾ ਦੂਸਰਾ ਸਭ ਤੋਂ ਵੱਡਾ ਦੇਸ਼ ਹੈ ਅਤੇ ਇਸਰਾਹੀਂ ਵੱਡੀ ਗਿਣਤੀ ਵਿੱਚ ਰੋਜ਼ਗਾਰ ਪੈਦਾ ਹੋਵੇਗਾ। ਵੈਸ਼ਣਵ ਨੇ ਦੱਸਿਆ ਕਿ 2025 ਤਕ 2.2 ਕਰੋੜ ਕਾਮਿਆਂ ਦੀ 5ਜੀ ਕੇਂਦਰੀ ਤਕਨੀਕ ਦੇ ਲਈ ਜ਼ਰੂਰਤ ਹੋਵੇਗੀ। ਇਸ ਮੌਕੇ ਕੇਂਦਰੀ ਮੰਤਰੀ ਨੇ ਕਿਹਾ ਕਿ ਇਸ ਸੇਵਾ ਤੋਂ ਦੇਸ਼ ਵਿੱਚ ਸਟਾਰ-ਟਅਪ ਦੇ ਈਕੋਸਿਸਟਮ ਵਿੱਚ ਤੇਜ਼ੀ, ਗਵਰਨੈਂਸ ਵਿੱਚ ਸੁਧਾਰ ਤੇ ਜੀਵਨ ਨੂੰ ਆਸਾਨ ਬਣਾਉਣ ਦੇ ਨਾਲ ਕਾਰੋਬਾਰ ਵਿੱਚ ਮਦਦ ਮਿਲੇਗੀ। ਭਾਰਤ 2022 ਤਕ 25 ਲੱਖ ਕਿਲੋਮੀਟਰ ਤਕ ਆਪਟਿਕਲ ਫਾਈਬਰ ਨੂੰ ਪਹੁੰਚਾਉਣ ਦੀ ਯੋਜਨਾ ਬਣਾ ਰਿਹਾ ਹੈ। ਇੰਡੀਆ ਬ੍ਰਾਂਡ ਇਕਵਟੀ ਫਾਊਂਡੇਸ਼ਨ ਦੇ ਅਨੁਸਾਰ ਭਾਰਤ ਵਿੱਚ 2026 ਤਕ 5ਜੀ ਦੇ 35 ਕਰੋੜ ਗਾਹਕ ਹੋ ਸਕਦੇ ਹਨ, ਜੋ ਕੁਲ ਮੋਬਾਈਲ ਫੋਨ ਗਾਹਕਾਂ ਦਾ 27 ਫੀਸਦੀ ਹੋਵੇਗਾ। ਟੈਲੀਕਾਮ ਸੈਕਟਰੀ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਭਾਰਤ ਵਿੱਚ ਨੈਟ ਤੋਂ ਲੈ ਕੇ ਪੁਲਾੜ ਕਮਿਊਨਿਕੇਸ਼ਨ ਅਤੇ 5ਜੀ ਤੋਂ ਫਿਕਸਡ ਬ੍ਰਾਡਬੈਂਡ ਸੇਵਾ ਵਰਗੇ ਖੇਤਰ ਤੋਂ ਵੱਡੀ ਗਿਣਤੀ ਕਈ ਰੋਜ਼ਗਾਰ ਪੈਦਾ ਹੋਣਗੇ। ਉਨ੍ਹਾਂ ਖੇਤਰਾਂ ਵਿੱਚ ਜ਼ਿਆਦਾ ਨੌਕਰੀਆਂ ਪੈਦਾ ਹੋਣਗੀਆਂ, ਜਿੱਥੋਂ ਅਜੇ ਕਾਫੀ ਘੱਟ ਹਨ। ਜਲਦ ਹੀ ਅਸੀਂ ਨੀਤੀ ਅਧਾਰਤ ਰੁਕਾਵਟਾਂ ਨੂੰ ਦੂਰ ਕਰਨ ਦੀ ਆਸ ਕਰਦੇ ਹਾਂ।



# ਲੋਕ ਨਿਰਮਾਣ ਮੰਤਰੀ ਵੱਲੋਂ ਲੋਕ ਨਿਰਮਾਣ ਦਫਤਰ ਡਿਵੀਜ਼ਨ ਨੰ. 1 ਮੋਹਾਲੀ ਦੀ ਅਚਨਚੇਤ ਚੈਕਿੰਗ

## ਸੁਪਰਡੈਂਟ ਨਰਿੰਦਰ ਸਿੰਘ ਗੈਰਹਾਜ਼ਰ ਹੋਣ 'ਤੇ ਜਾਰੀ ਕੀਤਾ ਕਾਰਨ ਦੱਸੋ ਨੋਟਿਸ

ਐਸ.ਏ.ਐਸ. ਨਗਰ, 31 ਮਈ (ਗਿਆਨ ਸਿੰਘ) ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਅੱਜ ਬਾਅਦ ਦੁਪਹਿਰ ਲੋਕ ਨਿਰਮਾਣ ਦਫਤਰ ਡਿਵੀਜ਼ਨ ਨੰ. 1 ਮੋਹਾਲੀ ਵਿਖੇ ਵੱਖ ਵੱਖ ਬਰਾਂਚਾਂ, ਪ੍ਰਾਤਕ ਬ੍ਰਾਂਚ ਅਤੇ ਕੁਆਇਲਟੀ ਬ੍ਰਾਂਚ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਉਨਾਂ ਬਰਾਂਚਾਂ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਤੇ ਉਨਾਂ ਚੀਫ ਇੰਜੀਨੀਅਰ ਐਸ.ਪੀ. ਸਿੰਘ ਤੋਂ ਦਫਤਰ ਵਿਖੇ ਕੀਤੇ ਜਾ ਰਹੇ ਕੰਮਾਂ ਬਾਰੇ ਜਾਇਜ਼ਾ ਲਿਆ। ਉਨਾਂ ਅਚਨਚੇਤ ਚੈਕਿੰਗ ਦੌਰਾਨ ਪਾਇਆ ਕਿ ਮੋਹਾਲੀ ਲੋਕ ਨਿਰਮਾਣ ਦਫਤਰ ਦੇ ਕੁਆਇਲਟੀ ਬ੍ਰਾਂਚ ਵਿਖੇ ਸੁਪਰਡੈਂਟ ਨਰਿੰਦਰ ਸਿੰਘ ਦੋ ਦਿਨਾਂ ਤੋਂ ਗੈਰਹਾਜ਼ਰ ਹੈ। ਇਸ ਸਬੰਧੀ ਕਾਰਵਾਈ ਕਰਦਿਆਂ ਉਨਾਂ ਨਰਿੰਦਰ ਸਿੰਘ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਤਿੰਨ ਦਿਨਾਂ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ।

ਕੈਬਨਿਟ ਮੰਤਰੀ ਨੇ ਅਚਨਚੇਤ ਚੈਕਿੰਗ ਦੌਰਾਨ ਦਫਤਰ ਵਿਖੇ ਪਿੰਡ ਰਾਏਪੁਰ ਕਲਾਂ ਦੇ ਕੰਮ ਪ੍ਰਤੀ ਆਏ ਜਸਪ੍ਰੀਤ ਸਿੰਘ ਸਰਪੰਚ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਸਰਪੰਚ ਰਾਏਪੁਰ ਕਲਾਂ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਉਹ ਆਪਣੇ ਪਿੰਡ ਦੀ ਸੜਕ ਲਈ ਲੰਮੇ ਸਮੇਂ ਤੋਂ ਦਫਤਰਾਂ ਦੇ ਗੇੜੇ ਕੱਢ ਰਹੇ ਹਨ ਪਰੰਤੂ ਕੋਈ ਹੱਲ ਨਹੀਂ ਹੋ ਰਿਹਾ। ਇਸ ਸਬੰਧੀ ਤੁਰੰਤ ਕਾਰਵਾਈ ਕਰਦਿਆਂ ਮੌਕੇ 'ਤੇ ਹੀ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਫਾਇਲਾਂ ਕਢਵਾ ਕੇ ਸਬੰਧਤ ਅਧਿਕਾਰੀਆਂ ਨੂੰ ਕੰਮ ਕਰਨ ਦੇ ਨਿਰਦੇਸ਼ ਵੀ ਦਿੱਤੇ।



ਸ. ਹਰਭਜਨ ਸਿੰਘ ਈ.ਟੀ.ਓ. ਨੇ ਇਸ ਮੌਕੇ ਕਰਮਚਾਰੀਆਂ ਨੂੰ ਆਪਣਾ ਕੰਮ ਤਨਦੇਹੀ ਨਾਲ ਅਤੇ ਲੋਕ ਹਿੱਤ 'ਚ ਸਮੇਂ ਸੀਮਾ ਅਧੀਨ ਕਰਨ ਦੀ ਪ੍ਰੇਰਨਾ ਦਿੱਤੀ। ਉਨਾਂ ਕਿਹਾ ਕਿ ਸਰਕਾਰੀ ਸੇਵਾ ਸਹੀ ਢੰਗ ਨਾਲ ਨਿਭਾਉਣੀ ਤੇ ਭ੍ਰਿਸ਼ਟਾਚਾਰ ਰਹਿਤ ਸੇਵਾ ਕਰਨੀ ਹੀ ਵਿਅਕਤੀ ਦਾ ਨਿਸ਼ਚਾ ਹੋਣਾ ਚਾਹੀਦਾ ਹੈ। ਇਸ ਮੌਕੇ ਉਨਾਂ ਜਿੱਥੇ ਪੈਡਿੰਗ ਕੰਮ ਵਾਲੇ ਕਰਮਚਾਰੀਆਂ ਨੂੰ ਤਾੜਨਾ ਕੀਤੀ, ਉੱਥੇ ਹੀ ਚੰਗੀ ਸੇਵਾ ਨਿਭਾਉਣ ਵਾਲੇ ਕਰਮਚਾਰੀਆਂ ਦੀ ਸ਼ਲਾਘਾ ਵੀ ਕੀਤੀ।

ਇਸ ਦੌਰਾਨ ਬਿਜਲੀ ਮੰਤਰੀ ਵਲੋਂ ਬਿਜਲੀ ਵਿਭਾਗ ਦੇ ਦਫਤਰ ਪੀ.ਐਸ.ਪੀ.ਸੀ.ਐਲ ਫੇਜ਼ 1 ਇੰਡਸਟਰੀਅਲ ਡੀ.ਐਸ. ਡਿਵੀਜ਼ਨ ਦੀ ਚੈਕਿੰਗ ਕੀਤੀ ਗਈ, ਜਿੱਥੇ ਉਨਾਂ ਕਸਟਮਰ ਕੇਅਰ ਸੈਂਟਰ ਦਾ ਦੌਰਾ ਕੀਤਾ।

# ਗੁਰਸ਼ਰਨ ਸਿੰਘ ਦੇ ਜੱਦੀ ਘਰ ਨੂੰ ਵਿਰਾਸਤ ਵਜੋਂ ਸੰਭਾਲਣ ਦੀ ਮੰਗ

ਅੰਮ੍ਰਿਤਸਰ, 31 ਮਈ (ਗਿਆਨ ਸਿੰਘ) ਭਾਅਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਵੱਲੋਂ ਸਾਡੇ ਸਮਿਆਂ ਦੇ ਮਹਾਨ ਲੋਕ-ਪੱਖੀ ਨਾਟਕਕਾਰ, ਲੇਖਕ, ਬੁੱਧੀਜੀਵੀ ਤੇ ਸਮਾਜ ਸੇਵੀ ਭਾਅ ਜੀ ਗੁਰਸ਼ਰਨ ਸਿੰਘ ਦੀ ਕਰਮਭੂਮੀ ਰਹੇ ਉਨਾਂ ਦੇ ਰਣਜੀਤਪੁਰਾ, ਪੁਤਲੀਘਰ ਅੰਮ੍ਰਿਤਸਰ ਸਥਿੱਤ ਜੱਦੀ ਘਰ ਨੂੰ ਆਉਣ ਵਾਲੀਆਂ ਪੀੜੀਆਂ ਲਈ ਵਿਰਾਸਤ ਵਜੋਂ ਜਿਉਂ ਦਾ ਤਿਉਂ ਸੰਭਾਲਣ ਦੀ ਮੰਗ ਨੂੰ ਲੈ ਕੇ ਅੱਜ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਡਿਪਟੀ ਕਮਿਸ਼ਨਰ ਸ਼੍ਰੀ ਹਰਪ੍ਰੀਤ ਸਿੰਘ ਸੂਦਨ ਨੂੰ ਦਿੱਤਾ ਗਿਆ। ਕਮੇਟੀ ਦੇ ਮੈਂਬਰਾਂ ਡਾ: ਪਰਮਿੰਦਰ ਸਿੰਘ, ਕੇਵਲ ਧਾਲੀਵਾਲ, ਰਮੇਸ਼ ਯਾਦਵ, ਸੁਮੀਤ ਸਿੰਘ ਤੋਂ ਇਲਾਵਾ ਅਦਾਕਾਰ ਗੁਰਿੰਦਰ ਮਕਨਾ ਆਦਿ ਕਲਾਕਾਰਾਂ ਤੇ ਬੁੱਧੀਜੀਵੀਆਂ ਨੇ ਕਮੇਟੀ ਵਲੋਂ ਮੁੱਖ ਮੰਤਰੀ ਦੇ ਨਾਮ ਦਿੱਤੇ ਮੰਗ ਪੱਤਰ ਵਿੱਚ ਕਿਹਾ ਕਿ ਭਾਅਜੀ ਗੁਰਸ਼ਰਨ ਸਿੰਘ ਦੀ ਕੇਵਲ ਪੰਜਾਬ ਦੇ ਲੋਕਾਂ ਜਾਂ ਪੰਜਾਬੀ ਰੰਗਮੰਚ ਨੂੰ ਹੀ ਦੇਣ ਨਹੀਂ ਸੀ, ਬਲਕਿ ਦੁਨੀਆਂ ਭਰ ਦੇ ਲੱਖਾਂ ਲੇਖਕਾਂ, ਰੰਗਕਰਮੀਆਂ ਤੇ ਪਾਠਕਾਂ ਲਈ ਉਹ ਰੋਲ ਮਾਡਲ ਸਨ ਤੇ ਉਨਾਂ ਦੇ ਮਨਾਂ ਵਿਚ ਭਾਅ ਜੀ ਗੁਰਸ਼ਰਨ ਸਿੰਘ ਪ੍ਰਤੀ ਅਥਾਹ ਸਤਿਕਾਰ ਸੀ ਅਤੇ ਅੱਜ ਵੀ ਹੈ। ਉਨਾਂ ਮੰਗ ਕੀਤੀ ਕਿ ਅਜਿਹੀ ਮਹਾਨ ਤੇ ਲੋਕ-ਪੱਖੀ ਸ਼ਖਸੀਅਤ ਦੀਆਂ



ਯਾਦਾਂ 'ਤੇ ਉਨਾਂ ਦੀ ਕਰਮਭੂਮੀ ਰਹੇ ਉਨਾਂ ਦੇ ਅੰਮ੍ਰਿਤਸਰ ਵਿਚਲੇ ਘਰ 'ਗੁਰੂ ਖ਼ਾਲਸਾ ਨਿਵਾਸ', ਜਿਸ ਨੂੰ ਕਿ ਕੁੱਝ ਲੋਕਾਂ ਵਲੋਂ ਢਾਹੁਣ ਦੀ ਤਿਆਰੀ ਕੀਤੀ ਜਾ ਰਹੀ ਹੈ, ਨੂੰ ਵਿਰਾਸਤ ਵਜੋਂ ਜਿਉਂ ਦਾ ਤਿਉਂ ਸੰਭਾਲਣਾ ਸਾਡੀਆਂ ਸਰਕਾਰਾਂ ਦਾ ਵੀ ਫਰਜ਼ ਹੈ ਤਾਂ ਕਿ ਆਉਣ ਵਾਲੀਆਂ ਪੀੜੀਆਂ ਉਨਾਂ ਤੋਂ ਪ੍ਰੇਰਨਾ ਲੈਂਦੀਆਂ ਰਹਿਣ। ਉਨਾਂ ਮੰਗ ਕੀਤੀ ਕਿ ਇਸ ਮਹਾਨ ਨਾਟਕਕਾਰ ਤੇ ਲੇਖਕ ਦੇ ਘਰ ਨੂੰ ਵਿਰਾਸਤ ਵਜੋਂ ਸੰਭਾਲਿਆ ਜਾਵੇ ਤੇ ਇਥੇ ਭਾਅ ਜੀ ਦੀ ਢੁਕਵੀਂ ਯਾਦਗਾਰ ਸਥਾਪਿਤ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਮੇਟੀ ਮੈਂਬਰਾਂ ਦੀ ਗੱਲ ਧਿਆਨ ਨਾਲ ਸੁਣੀ ਤੇ ਅਗਲੇਰੀ ਯੋਗ ਕਾਰਵਾਈ ਹਿਤ ਇਸ ਮੰਗ ਪੱਤਰ ਨੂੰ ਮੁੱਖ ਮੰਤਰੀ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

**ਪਲਾਟ ਵਿਕਾਊ**

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਜਾਇੰਟ ਡਾਇਰੈਕਟਰ ਕ੍ਰਿਸ਼ਨ ਲਾਲ ਰੱਤੂ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ

ਚੰਡੀਗੜ੍ਹ, 31 ਮਈ (ਗਿਆਨ ਸਿੰਘ) – ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਦੇ ਜੁਆਇੰਟ ਡਾਇਰੈਕਟਰ ਸ੍ਰੀ ਕ੍ਰਿਸ਼ਨ ਲਾਲ ਰੱਤੂ ਨੂੰ ਅੱਜ ਸਮਾਜ ਦੇ ਵੱਖ-ਵੱਖ ਵਰਗ ਦੇ ਆਗੂਆਂ ਅਤੇ ਲੋਕਾਂ ਵੱਲੋਂ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਥੋਂ ਦੇ ਸੈਕਟਰ-38 ਸਥਿਤ ਗੁਰਦੁਆਰਾ ਸਾਹਿਬ (ਸ਼ਾਹਪੁਰ) ਵਿਖੇ ਸਵਰਗੀ ਸ੍ਰੀ ਕ੍ਰਿਸ਼ਨ ਲਾਲ ਰੱਤੂ ਦੀ ਆਤਮਿਕ ਸ਼ਾਂਤੀ ਲਈ ਕੀਤੀ ਗਈ ਅੰਤਿਮ ਅਰਦਾਸ ਵਿੱਚ ਉਨ੍ਹਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਦੋਸਤ ਮਿੱਤਰ, ਵਿਭਾਗੀ ਸਹਿਕਰਮੀ, ਪੱਤਰਕਾਰ ਅਤੇ ਪੰਜਾਬ ਸਿਵਲ ਸਕੱਤਰੇਤ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਅਤੇ ਸੇਵਾ ਮੁਕਤ ਅਧਿਕਾਰੀ ਤੇ ਕਰਮਚਾਰੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ।



ਸ਼ਰਧਾਂਜਲੀ ਸਮਾਗਮ ਦੌਰਾਨ ਫ਼ਿਰੋਜਪੁਰ ਤੋਂ ਵਿਧਾਇਕ ਸ੍ਰੀ ਰਜਨੀਸ਼ ਦਹੀਆ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਜਦਕਿ ਮਹਿਤਪੁਰ ਦੇ ਕੌਂਸਲਰ ਸ੍ਰੀ ਕਸ਼ਮੀਰੀ ਲਾਲ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਵਧੀਕ ਡਾਇਰੈਕਟਰ ਡਾ. ਉਪਿੰਦਰ ਸਿੰਘ ਲਾਂਬਾ, ਯੂਨੀਵਰਸਿਟੀ ਦਿਨਾਂ ਤੋਂ ਸ੍ਰੀ ਰੱਤੂ ਦੇ ਸਾਥੀ ਜੁਆਇੰਟ ਡਾਇਰੈਕਟਰ ਸ. ਰਣਦੀਪ ਸਿੰਘ ਆਹਲੂਵਾਲੀਆ ਅਤੇ ਸੇਵਾ ਮੁਕਤ ਸੰਯੁਕਤ ਡਾਇਰੈਕਟਰ ਡਾ. ਅਜੀਤ ਕੰਵਲ ਸਿੰਘ ਨੇ ਸ੍ਰੀ ਰੱਤੂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਦੇ ਜੀਵਨ ਸੰਘਰਸ਼ ਬਾਰੇ ਚਾਨਣਾ ਪਾਇਆ। ਇਸ ਮੌਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸੁਮੀਤ ਜਾਰੰਗਲ ਅਤੇ ਵਿਸ਼ੇਸ਼ ਸਕੱਤਰ ਸੇਨੂੰ ਦੁੱਗਲ ਤੋਂ ਇਲਾਵਾ ਵੱਖ ਵੱਖ ਜ਼ਿਲ੍ਹਿਆਂ ਦੇ ਡੀ ਪੀ ਆਰ ਓ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਇਸ ਮੌਕੇ ਐਸ. ਡੀ. ਐਮ. ਬਰਨਾਲਾ ਸ੍ਰੀ ਗੋਪਾਲ ਸਿੰਘ, ਪੰਜਾਬੀ ਅਖ਼ਬਾਰ ਰੋਜ਼ਾਨਾ ਅਜੀਤ, ਅੱਜ ਦੀ ਆਵਾਜ਼, ਅਕਾਲੀ ਪੱਤ੍ਰਿਕਾ, ਪਹਿਰੇਦਾਰ, ਪੰਜਾਬ ਟਾਈਮਜ਼ ਅਤੇ ਸੱਚ ਦੀ ਪਟਾਰੀ ਵੱਲੋਂ ਪ੍ਰਾਪਤ ਸ਼ੋਕ ਸੁਨੇਹੇ ਪੜ੍ਹ ਕੇ ਸੁਣਾਏ ਗਏ।

